ੴ


ਮਾਸਿਕ ਪੱਤਰ

# ਸੂਰਾ

ਅੰਮ੍ਰਿਤਸਰ

ਸਿੰਘਾਂ ਦੇ ਸਿਰਾਂ ਦੇ ਮੁਲ ਮੀਰ ਮਨੂੰ ਦੀ ਕਚਹਿਰੀ ਵਿਚ

DEC 1984



ਦਸੰਬਰ ੧੯੮੪

ਫਿਰ ਸਿੰਘਾਂ ਦੇ ਸਿਰਾਂ ਦਾ ਮੁਲ ਪੈਣ ਵਾਲਾ ਸਮਾਂ ਦਿਸਦਾ ਹੈ।

www.AKJ.Org

# ਤਤਕਰਾ


| | | |
|---|---|---|
| ਪ੍ਰਿਥਮ ਭਗਉਤੀ ਸਿਮਰਿ ਕੈ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਦੁਸ਼ਟ-ਦਮਨ ਦਸਮੇਸ਼ ਗੁਰੂ | ੪ | ,, ,, ,, |
| ਖਾਲਸਈ ਹਲੇਮੀ ਰਾਜ ਹੋ ਕੇ ਰਹੇਗਾ | ੫ | ,, ,, ,, |
| ਗੁਰੂ ਸਿਖੁ, ਸਿਖੁ ਗੁਰੂ ਹੈ | ੭ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਤੈਂ ਕੀ ਦਰਦੁ ਨ ਆਇਆ ? | ੧੧ | ਖਾਲਸ਼ਾ ਸਮਾਚਾਰ |
| ਸਿੰਘ ਤੇ ਸਿੰਘ ਸਾਹਿਬਾਨ ਦਾ ਹੱਸਤੀ-ਚਰਿਤਰ | ੧੨ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਦੀਵਾਲੀ ਸਮੇਂ ਕੌਮ ਦੇ ਨਾਂ ਸੰਦੇਸ਼ | ੧੩ | ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ |
| ਸਿੰਘੋ ! ਸੰਭਲੋ, ਹੋਸ਼ ਕਰੋ !! | ੧੪ | ਸ: ਜਤਿੰਦਰ ਪਾਲ ਸਿੰਘ ਜੀ |
| ਲਹੂ ਲੁਹਾਨ ਪੰਜਾਬ | ੧੬ | ਸੰਤ ਸਿਪਾਹੀ, ਅੰਮ੍ਰਿਤਸਰ |
| ਸਬਰ ਤੇ ਜਬਰ | ੨੧ | ਸ: ਮਦਨ ਸਿੰਘ ਜੀ ਯੂ. ਕੇ. |
| ਸ਼ਹੀਦੀ ਭਾਈ ਮਨਸ਼ਾ ਸਿੰਘ ਜੀ | ੨੫ | ਭਾ: ਸਾ: ਭਾਈ ਵੀਰ ਸਿੰਘ ਜੀ |
| ਕੁਰਬਾਨੀ ਦਾ ਪੁੰਜ ਖਾਲਸਾ (ਕਵਿਤਾ) | ੨੭ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |
| ਅਕਾਲੀ ਜੀ ਦਾ ਰਹਿਤਵਾਨ ਤੇ ਬਿਬੇਕੀ ਜੀਵਨ | ੨੮ | ਸ: ਅਤਰ ਸਿੰਘ ਜੀ |
| 'ਹਕ ਪਰਾਇਆ ਨਾਨਕਾ'—ਆਖ਼ਰ ਕਿਉਂ ? | ੩੦ | ਸ: ਸੰਤਾ ਸਿੰਘ ਜੀ ਆਜਿਜ਼ |
| ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੩) | ੩੨ | ਕੈਪਟਨ ਸਵਰਨ ਸਿੰਘ ਜੀ |
| ਦਿੱਲੀ ਦੀ ਕਤਲਿ ਆਮ | ੩੭ | ਸ ਅਜਮੇਰ ਸਿੰਘ ਜੀ |
| ਪਾਗਲਮਨ ਦੀ ਹੱਦ | ੩੯ | ਸ: ਬਰਜਿੰਦਰ ਸਿੰਘ ਜੀ |
| ਦੋ ਗੀਤ ਤੇ ਇਕ ਕਵਿਤਾ | ੩੯ ਤੇ ੪੦ | ਦੁੱਗਲ ਤੇ ਆਜਿਜ਼ |
| "ਤੂਫ਼ਾਨ ਕੇ ਦੌਰ ਸੇ ਪੰਜਾਬ" ਪੁਸਤਕ ਤੋਂ ਸਾਵਧਾਨੀ | ੪੧ | ਸ੍ਰੀ ਕਸ਼ਿਤੀਸ਼ ਲਿਖਤ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ੨੯ ਦਸੰਬਰ

## ਸ਼ਹੀਦੀ ਫ਼ੰਡ

ਅਖੰਡ ਕੀਰਤਨੀ ਜਥੇ ਵਲੋਂ ਸ਼ਹੀਦੀ ਫ਼ੰਡ ਪਹਿਲਾਂ ਬੰਦ ਕਰ ਦਿਤਾ ਗਿਆ ਸੀ। ਮੌਜੂਦਾ ਘਲੂਘਾਰੇ ਦੇ ਦੁਖੀ ਪਰਵਾਰਾਂ ਦੀ ਸਹਾਇਤਾ ਲਈ ਫ਼ੰਡ ਫਿਰ ਖੋਲ੍ਹ ਦਿਤਾ ਗਿਆ ਹੈ। ਉਤਸ਼ਾਹੀ ਸਜਣ ਹੇਠ ਲਿਖੇ ਪਤੇ ਤੇ ਸੇਵਾ ਭੇਜ ਸਕਦੇ ਹਨ— ਅਖੰਡ ਕੀਰਤਨੀ ਜਥਾ, ਬਜ਼ਾਰ ਮਾਈ ਸੇਵਾਂ, (ਕੇਂਦਰੀ ਦਫ਼ਤਰ) ਸ੍ਰੀ ਅੰਮ੍ਰਿਤਸਰ।

## ਸਮਾਂ ਸਿਰ ਤੇ ਹੈ

"ਸਿੰਘਾਂ ਦਾ ਪੰਥ ਨਿਰਾਲਾ" ਚੋਂ

ਯਾਦ ਰਖੋ ਕਿ ਓਹੀ ਸਮਾਂ ਸਿਰ ਤੇ ਆਇਆ ਖੜਾ ਹੈ। ਸਿੰਘਾਂ ਦੇ ਨਾਲ ਮਿਲ ਕੇ ਅਸਾਡੀਆਂ ਸਿੰਘਣੀਆਂ ਭੈਣਾਂ ਨੂੰ ਜੰਗ ਦੇ ਜੌਹਰ ਦਿਖਾਣੇ ਪੈਣੇ ਹਨ। ਇਹ ਫੜ੍ਹੇ ਫ਼ੈਸ਼ਨ ਸਭ ਲੁਕਾਉਣੇ ਪੈਣਗੇ। ਕੁਲ ਫ਼ੈਸ਼ਨ-ਪ੍ਰਸਤੀਆਂ ਸਭ ਝੜ ਪੈਣਗੀਆਂ। ਪੁਰਾਤਨ ਖਾਲਸੇ ਨੂੰ ਤਾਂ ਹਿੰਦੂਆਂ ਦੀਆਂ ਬਹੂਆਂ ਬੇਟੀਆਂ ਨੂੰ ਬਚਾਉਣ ਤੇ ਜ਼ਾਲਮਾਂ ਦੇ ਫੰਧਿਆਂ ਚੋਂ ਛੁਡਾਉਣੇ ਦੇ ਫ਼ਿਕਰ ਰਹਿੰਦੇ ਸਨ, ਹੁਣ ਵਕਤ ਪੈਣ ਤੇ ਅਸਾਨੂੰ ਆਪਣੀਆਂ ਹੀ ਨਿਜ ਯੁਵਤੀਆਂ ਨੂੰ ਸੰਭਾਲਣਾ ਮੁਸ਼ਕਲ ਹੋ ਜਾਊ।


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੧੨.੮੪ ਨੂੰ ਪ੍ਰਕਾਸ਼ਤ ਕੀਤਾ।



ਟੈਲੀਫੋਨ ਨੰਬਰ : ੫੧੮੪੭ ਘਰ ੪੩੦੯੪



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਿਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| ਪਰਦੇਸ | |
| ਸਮੁੰਦਰੀ ਡਾਕ | ੩੫-੮੦ |
| ਹਵਾਈ ਡਾਕ | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| ਅਮਾਨਤੀ | |
| ਲਾਈਫ ਮੈਂਬਰ | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ ਕੇ. ਅਫਰੀਕਾ | ੭੫੦-੦੦ |
| ਕੈਨੇਡਾ, ਅਮਰੀਕਾ | ੯੦੮-੦੦ |
| ਅਰਬ ਮਲਾਇਆ | ੫੫੦-੦੦ |

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੮ ਦਸੰਬਰ ੧੯੯੪ ਅੰਕ ੧੨


## ਪ੍ਰਿਥਮ ਭਗਉਤੀ ਸਿਮਰਿ ਕੈ

ਖਾਲਸਾ ਜੀ ਦੀ 'ਫਤਹ' ਖੜਗ ਦੇ ਆਸਰੇ ਹੈ, ਨਾਮ-ਖੰਡੇ ਦੇ ਆਸਰੇ ਹੈ। ਏਸੇ ਨਾਮ-ਖੰਡੇ ਨੇ ਜੋਤਿ-ਤੇਜਸ੍ਵੀ ਖੰਡਾ ਬਣ ਜਾਣਾ ਹੈ। ਏਸੇ ਜੋਤਿ-ਤੇਜਸ੍ਵੀ ਖੰਡੇ ਦੇ ਖੜਕਾਉਣ ਲਈ ਸ੍ਰੀ ਖੜਗੇਸ਼ ਗੁਰੂ ਦਸਮੇਸ਼ ਜੀ ਨੇ ਖਾਲਸਾ ਕੌਮ ਨੂੰ ਸਾਜਿਆ ਹੈ। ਏਸੇ ਖੜਗੇਸ਼ ਖੰਡੇ ਦਾ ਨਾਮ 'ਭਗਉਤੀ' ਹੈ। ਜਿਸ ਦੀ ਟੇਕ ਵਿਚ, ਜਿਸ ਦੀ ਗੋਦ ਵਿਚ ਖਾਲਸੇ ਨੇ ਰਹਿਣਾ ਹੈ। ਜਿਸ ਭਗਉਤੀ ਰੂਪ ਖੜਗ ਖੰਡੇ ਨੂੰ ਖਾਲਸਾ ਜੀ ਨੇ ਸਦਾ ਗੋਦ ਵਿਚ ਰਖਣਾ ਹੈ, ਸੀਸ ਤੇ ਰਖਣਾ ਹੈ, ਸੀਸ ਤੇ ਸਤਿਕਾਰਨਾ ਹੈ, ਸੀਸ ਤੇ ਨਮਸਕਾਰਨਾ ਹੈ, ਸੁਆਸ ਸੁਆਸ ਚਿਤਾਰਨਾ ਹੈ। ਹਰ ਆੜੇ ਸਮੇਂ, ਦੁਖ ਸੁਖ ਸਮੇਂ, ਸਾਸ ਗ੍ਰਾਸ ਭਗਉਤੀ ਨੂੰ ਆਪਣਾ ਆਦਰਸ਼, ਵਿਲੱਖਣੀ ਉਦੇਸ਼ ਬਣਾ ਕੇ ਸਲਾਹੁਣਾ ਹੈ। ਅਰਦਾਸੇ ਵਿਚ ਅਰਦਾਸਾਉਣਾ ਹੈ। ਸਭ ਤੋਂ ਪ੍ਰਿਥਮ ਇਸ ਭਗਉਤੀ ਨੂੰ ਹੀ ਮੁਖ ਰਖ ਕੇ ਸਾਰੇ ਕਾਰਜ ਰਾਸ ਕਰਨ ਦੀ ਅਰਦਾਸ ਸੰਭਾਲਣੀ ਸੰਵਾਰਨੀ ਹੈ।

ਸ੍ਰੀ ਦਸਮੇਸ਼ ਜੀ ਨੇ ਇਹ ਅਰਦਾਸ ਸਾਨੂੰ ਸਿਖਲਾਈ। ਅਰਦਾਸ ਵਿਚ 'ਪ੍ਰਿਥਮ ਭਗਉਤੀ' ਪਦ ਉਚਾਰ ਉਚਰਾਇ ਕੇ, ਕੋਈ ਦੇਵੀ-ਪੂਜਾ ਨਹੀਂ ਦ੍ਰਿੜ੍ਹਾਈ। ਖ਼ਾਲਸਈ ਅਰਦਾਸੇ ਵਿਚ ਚੜ੍ਹਦੀ ਕਲਾ ਕੇਵਲ ਖੜਗ ਰੂਪ ਭਗਉਤੀ ਸਰੂਪ ਵਿਚ ਹੀ ਹੈ, ਨਹੀਂ ਤਾਂ ਨਿਰੀ ਢਹਿੰਦੀ ਕਲਾ ਹੈ।

[ਭਾ: ਸਾ: ਰਣਧੀਰ ਸਿੰਘ ਜੀ ਕ੍ਰਿਤ ਟਰੈਕਟ 'ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ' ਵਿਚੋਂ



www.AKJ.Org

# ਦੁਸ਼ਟ-ਦਮਨ ਦਸਮੇਸ਼ ਗੁਰੂ

**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**
**ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਕਲ ਕੋ ਮੂਲ ਉਪਾਰਨ ॥੪੩॥**
**ਬਚਿਤ੍ਰ ਨਾਟਕ, ਅਧਿਆਇ ੬**

......ਸ੍ਰੀ ਦਸਮੇਸ਼-ਆਦਰਸ਼ ਤੋਂ ਅਗਿਆਤ ਲੋਕਾਂ ਦੀ ਅਲਪੱਗ ਬੁਧੀ ਵਾਲੀ ਸਮਝ ਵਿਚ ਇਹ ਗੱਲ ਨਹੀਂ ਆਉਂਦੀ ਕਿ ਸ੍ਰੀ ਦਸਮੇਸ਼ ਜੀ ਦੇ ਉਪਰਲੇ ਮੁਖਵਾਕ ਅੰਦਰ ਧਰਮ ਵਿਸਥਾਰਨ ਅਤੇ ਦੁਸ਼ਟ ਉਬਾਰਨ ਦੀਆਂ ਦੋ ਮੁਤਜ਼ਾਦ (ਵਿਰੋਧੀ) ਬੁਝਾਰਤਾਂ ਕਿਉਂ ਆਉਂਦੀਆਂ ਹਨ। ਉਹਨਾਂ ਨੂੰ ਇਹ ਮੁਤਜ਼ਾਦ ਬੁਝ ਰਤਾਂ ਹੀ ਦੀਹਦੀਆਂ ਹਨ।

ਦਰ-ਅਸਲ ਇਹ ਮੁਤਜ਼ਾਦ ਨਹੀਂ, ਦੁਸ਼ਟਾਂ ਦੀ ਦੁਸ਼ਟਤਾਈ ਦਮਨ ਕੀਤੇ ਬਾਝੋਂ ਜਗਤ ਉੱਧਾਰ ਅਤੇ ਧਰਮ ਦਾ ਵਿਥਾਰ ਹੋਣਾ ਹੀ ਅਸੰਭਵ ਹੈ। ਦੁਸ਼ਟ-ਦਮਨ ਦਸਮੇਸ਼ ਗੁਰੂ, ਦੁਸ਼ਟਾਂ ਦੀ ਦੁਸ਼ਟਤਾਈ ਨੂੰ ਬਿਦਾਰ ਕੇ ਉਨ੍ਹਾਂ ਦੁਸ਼ਟਾਂ ਦਾ ਉੱਧਾਰ ਕਰਦੇ ਹਨ। ਉਹਨਾਂ ਦੁਸ਼ਟਾਂ ਨੂੰ ਮਾਰਦੇ ਨਹੀਂ, ਉਹਨਾਂ ਦੀ ਦੁਸ਼ਟਤਾਈ ਨੂੰ ਨਿਵਾਰਦੇ ਹਨ। ਜੇ ਹੋਰ ਕਿਸੇ ਬਿਧਿ ਭੀ ਦੁਸ਼ਟਤਾਈ ਦੁਸ਼ਟਾਂ ਦੀ ਦੂਰ ਨਾ ਹੋਵੇ ਤਾਂ ਦੁਸ਼ਟਾਂ ਨੂੰ ਆਪਣੇ ਦਸਤੇ-ਮੁਬਾਰਕ ਨਾਲ ਖੰਡੇ ਦੀ ਧਾਰ ਉਤੇ ਚਾੜ੍ਹ ਕੇ ਉਹਨਾਂ ਦਾ ਜਨਮ ਮਰਨ ਨਿਵਾਰ ਦਿੰਦੇ ਹਨ ਅਤੇ ਉਹਨਾਂ ਅੰਦਰ ਜਾਨ ਪਾ ਦਿੰਦੇ ਹਨ। ਖੰਡੇ ਦੀ ਧਾਰ ਤੇ ਚਾੜ੍ਹ ਕੇ ਹੀ ਸ੍ਰੀ ਦਸਮੇਸ਼ ਜੀ ਨੇ ਦੁਸ਼ਟ-ਜੀਵਨੀ-ਜੰਤਾਂ ਦੀ ਜਾਨ-ਪ੍ਰਾਨ-ਸੁਜੀਵਨੀ ਸੁਦੇਹੀ ਕੁਰਬਾਨੀ ਲੈ ਕੇ, ਉਨ੍ਹਾਂ ਅੰਦਰ ਸਦ-ਜੀਵਨੀ ਕੁਰਬਾਨੀ ਵਾਲੀ ਜਾਨ ਪਾ ਦਿਤੀ। ਐਥੋਂ ਤਾਈਂ ਕਿ ਸਦਜੀਵਨੀ ਜਾਨ ਪ੍ਰਾਣ ਦਾਤਿਆਂ ਦਾ ਖਾਲਸਾ ਪੰਥ ਸਜਾ ਦਿਤਾ ਅਤੇ ਖਾਲਸ ਕੁਰਬਾਨੀ ਦੇ ਖ਼ਮੀਰ ਨੂੰ ਜੁਗਜੀਵਨਾ ਕਰ ਦਿੱਤਾ, ਜੋ ਜੁਗਾਂ ਤਾਈਂ ਸੁਰਜੀਤ ਰਹੇਗਾ। ਜਦੋਂ ਭੀ ਜਗਤ ਅੰਦਰ ਜ਼ੁਲਮ ਅਤੇ ਅਧਰਮ ਦੀ ਗਿਲਾਨੀ ਹੋਵੇਗੀ, ਇਹ ਸਦਜੀਵਨਾ ਧਰਮੀ ਪੰਥ ਅਤੁਟ ਕੁਰਬਾਨੀਆਂ ਦੇ ਕੇ ਧਰਮ ਨੂੰ ਸੁਰਜੀਤ ਕਰੇਗਾ ਅਤੇ ਅਧਰਮ ਜ਼ੁਲਮ ਪਾਪ ਨੂੰ ਨਸ਼ਟ ਕਰੇਗਾ।... ..

ਐਸਾ ਦੁਸ਼ਟ-ਬਿਦਾਰੀ, ਦੁਸ਼ਟ-ਦਮਨਾਰੀ ਧਰਮੀ ਖਾਲਸਾ ਪੰਥ ਸ੍ਰੀ ਦਸਮੇਸ਼ ਜੀ ਨੇ ਸਾਜਿਆ ਹੈ ਕਿ ਉਸ ਵਿਚੋਂ ਦੁਸ਼ਟ-ਦਮਨ ਪਰਉਪਕਾਰੀਆਂ ਦਾ ਬੀਜ ਨਾਸ ਕਦੇ ਨਹੀਂ ਹੋਵੇਗਾ। ਖਾਲਸਾ ਪੰਥ ਅੰਦਰ ਐਸੀਆਂ ਪਰਉਪਕਾਰੀ ਰੂਹਾਂ ਸਦ ਸਦਾ ਹੀ ਉਪਜਦੀਆਂ ਰਹਿਣਗੀਆਂ, ਜਿਨ੍ਹਾਂ ਦੀ ਪਨੀਰੀ ਰਹਿੰਦੀ ਦੁਨੀਆ ਤਾਈਂ ਲਹਿਲਹਾਂਦੀ ਰਹੇਗੀ।

ਮਤ ਅੰਦੇਸ਼ਾ ਕਰੋ ਕਿ ਅਜ ਪੂਜਾ ਦੇ ਲੋਭੀਆਂ ਤੇ ਨਾਸਤਕਾਂ ਨੇ ਅਸਾਡੇ ਪੰਥ ਵਿਚੋਂ ਹੀ ਉੱਗ ਕੇ ਗੁਰਦੁਆਰਾ ਫ਼ੰਡ ਸਾਂਭਣ ਦੀ ਹਮਾਕਤ ਕੀਤੀ ਹੈ, ਇਹ ਸਭ ਸੋਧੇ ਜਾਣਗੇ ਅਤੇ ਚੁਣ ਚੁਣ ਕੇ ਸੋਧੇ ਜਾਣਗੇ। ਮਸੰਦ-ਗਰਦੀ ਮਿਟ ਜਾਇਗੀ, ਨਾਸਤਕ-ਗਰਦੀ ਸਭ ਖੈ ਹੋ ਜਾਏਗੀ ਅਤੇ ਨਾਸਤਕਾਂ ਦੀ ਮਲੇਛਤਾ ਸਭ ਮਲੀਆਮੇਟ ਹੋ ਜਾਏਗੀ। ਓੜਕ ਦੁਸ਼ਟ-ਦਮਨ ਦਸਮੇਸ਼ ਗੁਰੂ ਦਾ ਦੁਲਾਰਾ ਪੰਥ ਸਾਰਿਆਂ ਦੀ ਦੁਸ਼ਟਤਾਈ ਦੇ ਬਖੀਏ ਉਧੇੜ ਦੇਵੇਗਾ। ਧਰਮ ਦਾ ਖਾਲਸਾ ਹਲੇਮੀ ਰਾਜ ਹੋਵੇਗਾ, ਕੋਈ ਦੁਸ਼ਟ ਮਲੇਛ ਆਕੀ ਨਹੀਂ ਰਹੇਗਾ। ਮਲੇਛਾਂ ਦੀ ਸਫ਼ਾ ਉਠ ਜਾਏਗੀ। ਖਜਲ ਖੁਆਰ ਹੁੰਦੇ ਸਭ ਰਾਹੇ-ਰਾਸਤ ਉਤੇ ਆ ਜਾਣਗੇ ਅਤੇ ਸ੍ਰੀ ਦਸਮੇਸ਼ ਦੇ ਆਦਰਸ਼ ਤੇ ਚਲ ਕੇ ਹੀ ਦੇਸ਼-ਉੱਧਾਰ ਹੋਏਗਾ। ਦੇਸ਼ ਦਾ ਕੀ, ਸਾਰੇ ਜਗਤ ਦਾ ਉੱਧਾਰ ਹੋਏਗਾ ਅਤੇ ਸਮੂਹ ਜ਼ਾਲਮ ਦੁਸ਼ਟਾਂ ਦਾ ਨਾਸ ਹੋਏਗਾ।......

ਜਿਸ ਪ੍ਰਕਾਰ ਆਪਣੇ ਜੀਵਨ, ਹਿਆਤੀ, ਦੁਸ਼ਟ-ਦਮਨਤਾ ਦੇ ਸੰਗ੍ਰਾਮ ਅੰਦਰ, ਦੁਸ਼ਟ-ਦਮਨ ਦਸਮੇਸ਼ ਸਤਿਗੁਰੂ ਨੇ ਆਪਣੇ ਹੱਥੀਂ ਮਸੰਦਾਂ ਦੀ ਗੁਰੂ-ਡੰਮ੍ਹ ਦਾ ਬਿਨਾਸ ਕੀਤਾ, ਏਸੇ ਪ੍ਰਕਾਰ ਸਤਿਗੁਰੂ ਦਸਮੇਸ਼ ਜੀ ਦਾ ਸਾਜਿਆ ਹੋਇਆ ਦੁਸ਼ਟ-ਦਮਨ ਖਾਲਸਾ-ਪੰਥ ਵਰਤਮਾਨ ਹਾਲ ਦੀ ਵਧ ਰਹੀ ਗੁਰੂ-ਡੰਮ੍ਹ ਦਾ ਬੀਜ ਨਾਸ ਕਰੇਗਾ ਅਤੇ ਜਦੋਂ ਜਦੋਂ ਭੀ ਇਹ ਬੀਮਾਰੀ ਫੇਰ ਉਗੇਗੀ, ਤਦੋਂ ਤਦੋਂ ਹੀ ਗੁਰੂ ਖਾਲਸਾ ਇਸ ਬੀਮਾਰੀ ਨੂੰ ਦੂਰ ਕਰਦਾ ਰਹੇਗਾ, ਆਪਣੇ ਪਰਾਏ ਦੀ ਕਾਣ ਨਹੀਂ ਰਖੇਗਾ।

[ਭਾ: ਸਾ: ਰਣਧੀਰ ਸਿੰਘ ਜੀ ਕ੍ਰਿਤ ਪੁਸਤਕ ''ਗੁਰਮਤਿ ਪ੍ਰਕਾਸ਼'' ਵਿਚੋਂ



www.AKJ.Org

# ਖ਼ਾਲਸਈ ਹਲੇਮੀ ਰਾਜ ਹੋ ਕੇ ਰਹੇਗਾ

## ਸਤਿਗੁਰ ਕਲਗੀਧਰ ਜ਼ਾਹਰ ਜ਼ਹੂਰ ਤੇ ਹਾਜ਼ਰ ਨਾਜ਼ਰ ਹਨ

[ਵਲੋਂ :—ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ ਪੰਨਾ ੭੫੯

ਏਸ ਉਪਰਲੇ ਗੁਰਵਾਕ ਅਨੁਸਾਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਕਲਗੀਧਰ ਪਾਤਸ਼ਾਹ ਦਸਮੇਸ਼ ਗੁਰੂ ਸਦਾ ਸਦਾ ਹਾਜ਼ਰ ਹਜ਼ੂਰ ਜ਼ਾਹਰ ਜ਼ਹੂਰ ਸਭ ਮੇਂ ਭਰਪੂਰ ਸਾਖਸ਼ਾਤ ਨੂਰੋ ਨੂਰ ਹੈ। ਉਹ ਸਦਾ ਹਾਜ਼ਰ ਨਾਜ਼ਰ ਹੈ ਤੇ ਆਵਣ ਜਾਣ ਦੀ ਕੈਦ ਤੋਂ ਸਦਾ ਬਾਹਰ ਹੈ। "ਏਕਹਿ ਆਵਨ ਫਿਰਿ ਜੋਨਿ ਨ ਆਇਆ" ਦੇ ਵਾਕ ਅਨੁਸਾਰ ਕੇਵਲ ਇਕ ਵਾਰ ਸਤਿਗੁਰੂ ਸੰਸਾਰ ਵਿਖੇ ਮਨੁੱਖ-ਜਾਮੇ ਵਿਚ ਅਵਤਾਰ ਧਾਰ ਕੇ ਆਇਆ ਤਾਂ ਕੇਵਲ "ਜੀਅ ਦਾਨੁ ਦੇ ਭਗਤੀ ਲਾਇਨਿ" ਨਮਿੱਤ ਸੱਚਾ ਪਰਉਪਕਾਰੀ ਬਣ ਕੇ ਆਇਆ। ਬਾਹੁੜ ਏਸ ਤਰ੍ਹਾਂ ਦੀ ਆਵਣ ਦੀ ਉਸ ਨੂੰ ਲੋੜ ਨਹੀਂ ਰਹੀ। ਜੋਤੀ ਜੋਤਿ ਸਮਾਇ ਕੇ ਉਹ ਅਬਿਨਾਸ਼ੀ ਪੁਰਖ ਹੀ ਰਿਹਾ। ਸਭ ਵਿਚ ਸਮਾਇ ਰਿਹਾ ਅਬਿਨਾਸ਼ੀ ਪੁਰਖ ਹੈ। ਸਦਾ ਹਾਜ਼ਰ ਨਾਜ਼ਰ ਅਬਿਨਾਸ਼ੀ ਪੁਰਖ ਹੈ। ਜੋਤਿ-ਜਾਮੇ ਵਿਚ ਪ੍ਰਗਟ ਹੋਇਆ ਅਨਿੰਨ ਸ਼ਰਧਾਲੂ ਗੁਰਮੁਖ ਜਨਾਂ ਨੂੰ ਦਿੱਬ ਦਰਸ਼ਨ ਦਿਖਾਇ ਕੇ ਨਿਹਾਲ ਨਿਹਾਲ ਕਰਨਹਾਰਾ ਹੈ। ਉਸ ਨੂੰ ਬਾਹੁੜ ਮਨੁੱਖ ਜਾਮਾ ਧਾਰਨ ਦੀ ਲੋੜ ਨਹੀਂ। ਮਨੁੱਖ ਜਾਮੇ ਵਿਚ ਮੁੜ ਅਵਤਾਰ ਧਾਰਨ ਦੀ ਲੋੜ ਨਹੀਂ। ਜਦੋਂ ਜਦੋਂ ਅਵਸਰ ਬਣਿਆ ਤਦੋਂ ਤਦੋਂ ਅਨਿੰਨ ਸ਼ਰਧਾਲੂ ਅਭਿਆਸੀ ਜਨਾਂ ਨੂੰ ਤਿਨ੍ਹਾਂ ਦੇ ਹਿਰਦਿਆਂ ਅੰਦਰ ਪ੍ਰਚੰਡ ਜੋਤਿ ਮਈ ਅਵਤਾਰ ਧਾਰ ਕੇ ਦਰਸ ਦਿਖਾਂਵਦਾ ਤੇ ਕਲਾ ਵਰਤਾਂਵਦਾ ਆਇਆ ਹੈ।

ਜੋਤੀ ਜੋਤਿ ਸਮਾਉਣ ਦੇ ਸਮੇਂ ਤੋਂ ਹੀ ਸਦਾ ਸਦਾ ਪਰਤੱਖ ਦੀਦਾਰ ਜਲਵੇ ਆਪਣੇ ਜਾਗਤ ਜੋਤਿ ਜਪਣਹਾਰ ਖਾਲਸ ਗੁਰਮੁਖ ਜਨਾਂ ਨੂੰ ਦਿਖਾਉਂਦਾ ਆਇਆ ਹੈ ਅਤੇ ਦਿਖਾਉਂਦਾ ਰਹੇਗਾ। ਮੁੜ ਮਨੁੱਖ ਜਾਮੇ ਅਵਤਾਰ ਧਾਰਨ ਦਾ, ਗੁਰੂ ਅਵਤਾਰ ਧਾਰਨ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨੇ ਮੁਕੱਾ ਦਿੱਤਾ। ਭੂਤ ਭਵਿੱਖ ਦੇ ਦਾਨੀ ਅੰਤਰਜਾਮੀ ਸ੍ਰੀ ਗੁਰੂ ਕਲਗੀਧਰ ਸਾਹਿਬ ਨੇ ਇਹ ਵਿਚਾਰ, ਕਿ ਕਲਜੁਗ ਵਿਖੇ ਅੱਗੇ ਨੂੰ "ਘਰ ਘਰ ਹੋਇ ਬੈਠ ਹੈਂ ਰਾਮਾ ॥ ਜਾਂ ਤੇ ਸਰੇ ਨ ਕੋਊ ਕਾਮਾ"* ਵਾਲਾ ਵਰਤਾਰਾ ਜ਼ਰੂਰ ਵਰਤੇਗਾ, ਇਹ ਸਾਰਾ ਗੁਰੂ ਡੰਮ੍ਹ ਵਾਲਾ ਫਸਤਾ ਹੀ ਵੱਢ ਦਿੱਤਾ।

ਕਈ ਅਜਾਣ ਸਿੱਖ ਸੱਜਣ ਗੁਰੂ ਸਾਹਿਬ ਦੇ ਏਸ ਅਭਿੱਪਰੇ ਤੋਂ ਅਨਜਾਣ ਹੋਣ ਕਰਕੇ ਇਹ ਕਹਿੰਦੇ ਸੁਣੀਦੇ ਹਨ ਕਿ ਗੁਰੂ ਦਸਮ ਪਾਤਸ਼ਾਹ ਫੇਰ ਦੇਹ ਧਾਰ ਕੇ ਆਉਣਗੇ। ਇਹ ਸੁਣ ਕੇ ਅਫ਼ਸੋਸ ਹੁੰਦਾ ਹੈ ਕਿ ਸ੍ਰੀ ਗੁਰੂ ਦਸਮ ਪਾਤਸ਼ਾਹ ਨੇ ਜਿਤਨਾ ਸਾਨੂੰ ਦੇਹ-ਧਾਰੀ ਗੁਰੂ ਦੀ ਮਨੌਤ ਤੋਂ ਵਰਜਿਆ ਹੈ ਤੇ ਇਸ ਖ਼ਿਆਲ ਤੋਂ ਰੋਕਿਆ ਹੈ, ਉਤਨੀ ਹੀ ਇੱਲਤ ਵਾਲੀ ਬੀਮਾਰੀ ਸਾਡੇ ਵਿਚ ਦਿਨੋ ਦਿਨ ਜ਼ੋਰ ਨਾਲ ਵਧ ਰਹੀ ਹੈ ਅਤੇ ਆਏ ਦਿਨ ਇਹ ਸੁਣੀਦਾ ਹੈ ਕਿ ਅਮਕੇ ਦੇਹਧਾਰੀ ਗੁਰੂ ਨੇ ਫਲਾਣੀ ਥਾਂ ਅਵਤਾਰ ਧਾਰਿਆ ਹੈ ਤੇ ਫਲਾਣੇ ਸਮੇਂ ਗੁਰੂ ਸਾਹਿਬ ਦੇਹ ਧਾਰਨਗੇ, ਅਥਵਾ ਫਲਾਣਾ ਸੰਤ ਮਹਾਤਮਾ ਫਲਾਣੇ ਗੁਰੂ ਸਾਹਿਬ ਦਾ ਅਵਤਾਰ ਹੈ।

ਇਸ ਤਰ੍ਹਾਂ ਦੀਆਂ ਕੱਚ-ਘਰੜ ਖ਼ਿਆਲਾਂ ਵਾਲੀਆਂ ਗੱਲਾਂ ਗੁਰਮਤਿ ਤੋਂ ਵਿਰੁੱਧ ਤੇ ਸ੍ਰੀ ਦਸਮੇਸ਼ ਜੀ ਦੇ ਆਸ਼ੇ ਤੋਂ ਉਲਟ ਹਨ। ਪਰ ਏਸ ਤਰ੍ਹਾਂ ਦੀਆਂ ਗੱਲਾਂ ਉਪਜਦੀਆਂ ਉਨ੍ਹਾਂ ਨੂੰ ਹੀ ਹਨ ਜੋ ਗੁਰਮਤਿ ਨਾਮ ਅਭਿਆਸ ਕਮਾਈ ਤੋਂ ਸੱਖਣੇ ਮਨਮੁਖੀਏ ਹਨ।

ਜਿਨ੍ਹਾਂ ਗੁਰਸਿੱਖਾਂ ਦੇ ਘਟਾਂ ਅੰਦਰਿ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਗੁਰੂ ਜੋਤਿ ਦੇ ਪਰਤੱਖ

* ਕਲਕੀ ਅਵਤਾਰ, ੧੨-੪



www.AKJ.Org

ਪਕਾਸ਼ ਦੀ ਜ਼ਾਹਰ ਤੇ ਪਾਰਸ ਕਲਾ ਪਰਤੱਖ ਵਰਤੀ ਹੈ, ਤਿਨ੍ਹਾਂ ਨੂੰ ਗੁਰੂ ਹਰਦਮ ਹਾਜ਼ਰ ਨਾਜ਼ਰ ਦਿਸਦਾ ਹੈ। ਹਾਂ, ਘਟ ਵਧ ਅਭਿਆਸ ਕਮਾਈ ਅਨੁਸਾਰ ਕਿਤੇ ਲੁਕਣਮੀਟੀ ਜੋਤਿ-ਜਲਵੇ ਦਿਖਾਉਂਦਾ ਹੈ, ਕਿਤੇ ਸਦ ਵਿਗਾਸੀ ਦਰਸ਼ਨਾਂ ਦਾ ਮੀਂਹ ਵਰਸਾਉਂਦਾ ਹੈ। ਹਰ ਹਾਲਤ ਵਿਚ ਸ਼ਰਧਾਵਾਨ ਜੋਤਿ-ਵਿਗਾਸੀ-ਗੁਰਸਿੱਖਾਂ ਤਾਈਂ ਇਹ ਘਾਟਾ ਕਦੇ ਪ੍ਰਤੀਤ ਹੁੰਦਾ ਹੀ ਨਹੀਂ ਕਿ ਸਤਿਗੁਰੂ ਹਾਜ਼ਰ ਨਹੀਂ, ਜਾਂ ਹੈ ਨਹੀਂ। ਉਹ ਤਾਂ ਸਦਾ ਸਦਾ "ਸਤਿਗੁਰੁ ਮੇਰਾ ਸਦਾ ਸਦਾ" ਤਿਨ੍ਹਾਂ ਦੇ ਦਿੱਬ-ਦਰਸੀ-ਆਤਮ-ਨੈਣਾਂ ਨੂੰ ਨਜ਼ਰੀਂ ਆਉਂਦਾ ਹੈ। ਇੱਥੇ ਤਾਂ ਉਹ ਨਾਮ ਅਭਿਆਸੀ ਗੁਰਮੁਖ ਜਨ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ।

ਨਾਮ ਅਭਿਆਸ ਦੇ ਘਾਟੇ ਵਾਲਿਆਂ ਨੂੰ ਇਹ ਚੜ੍ਹਦੀ ਕਲਾ ਕਿਥੋਂ ? ਉਹ ਤਾਂ ਘਟੀਆ ਖ਼ਿਆਲਾਂ ਦੀ ਨਿੱਘਰਦੀ ਕਲਾ ਵਿਚ ਹੀ ਸੜੀਅਲ ਜਨਮ ਬਿਤਾਉਂਦੇ ਹਨ। ਕਦੇ ਕਿਸੇ ਦਾ ਆਸਰਾ ਤੇ ਕਦੇ ਕਿਸੇ ਦੀ ਓਟ ਤਕਾਉਂਦੇ ਹਨ। ਪਰ ਆਪਣੇ ਨਿੱਜ ਅਸਲੇ ਵਲ ਨਹੀਂ ਆਉਂਦੇ।

ਸਭ ਤੋਂ ਬਹੁਤੀ ਨਿਰਾਸਤਾ ਵਾਲੀ ਗੱਲ ਹੈ ਤਾਂ ਇਹ ਕਿ ਸਦਾ ਆਪਣੇ ਖਾਲਸੇ ਨੂੰ ਪ੍ਰਚੰਡ ਕਲਾ ਜਾਗਦੀ ਜੋਤਿ ਦੇ ਚੜ੍ਹਦੇ ਰੰਗ ਵਿਚ ਰੱਖਣ ਵਾਲੇ ਸ੍ਰੀ ਦਸਮੇਸ਼ ਜੀ ਦੇ ਅਖਾਉਤੀ ਸਿੱਖ ਆਪਣੇ ਉੱਚ ਖਾਲਸਈ ਆਦਰਸ਼ਾਂ ਤੋਂ ਗੁਮਰਾਹ ਹੋ ਕੇ ਬੁੱਤ-ਪ੍ਰਸਤ ਮੱਤ-ਮਤਾਂਤ੍ਰ ਆਨਮਤੀ ਆਗੂਆਂ ਦੇ ਪੈਰੋਕਾਰ ਬਣਦੇ ਚਲੇ ਜਾ ਰਹੇ ਹਨ। ਜਿਸ ਦਾ ਸਿੱਟਾ ਇਹ ਹੋ ਰਿਹਾ ਹੈ ਕਿ ਸਤਿਗੁਰੂ ਦਸਮੇਸ਼ ਜੀ ਦਾ ਤੇਜ ਗੁਆ ਰਹੇ ਹਨ। ਬੜੇ ਤੋਂ ਬੜੇ ਪ੍ਰਸਿੱਧ ਆਗੂ ਕਹਾਉਣ ਵਾਲੇ ਵੀ ਅਸਲ ਅਸੂਲਾਂ ਉੱਤੇ ਦ੍ਰਿੜ੍ਹ ਨਹੀਂ ਰਹਿੰਦੇ। ਓਹਨਾਂ ਦਾ ਕੋਈ ਅਸੂਲ ਹੀ ਨਹੀਂ। ਇਕ ਅਸੂਲ ਨੂੰ ਬਣਾਉਂਦੇ ਹਨ ਤੇ ਇੱਕ ਅਸੂਲ ਨੂੰ ਢਾਹੁੰਦੇ ਹਨ ।......ਉਨ੍ਹਾਂ ਨੂੰ ਖ਼ਾਲਸਈ ਨਾਹਰਿਆਂ "ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ" ਅਤੇ "ਪੰਥ ਕੀ ਜੀਤ" ਪਰ ਵਿਸ਼ਵਾਸ ਨਹੀਂ ਰਿਹਾ। "ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ" ਵਾਲੇ ਸ੍ਰੀ ਮੁਖਵਾਕ ਪਰ ਭਰੋਸਾ ਨਹੀਂ ਰਿਹਾ। ਉਹ ਆਨਮਤੀ ਹਿੰਦੂਆਂ ਦੀ ਹਮਾਇਤ ਲੈਣ ਨੂੰ ਬੜਾ ਫ਼ਖ਼ਰ ਸਮਝਦੇ ਹਨ। ਉਹ ਹੁਣ ਫੇਰ ਮਿਲਗੋਭਾ ਹੋ ਕੇ ਮਲੀਆਮੇਟ ਹੋਣ ਉੱਪਰ ਲੱਕ ਬੰਨ੍ਹੀ ਖਲੋਤੇ ਹਨ ਤੇ ਏਸ ਗੁਰਮਤਿ-ਹੀਣੀ-ਗੱਲ ਨੂੰ ਜਤਾਉਣਾ ਬੜੀ ਬੀਰਤਾ ਭਰੀ ਸਿਆਣਪ ਸਮਝਦੇ ਹਨ ਕਿ ਸਿੱਖ ਹਿੰਦੂਆਂ ਵਿੱਚੋਂ ਹੀ ਨਿਕਲੇ ਹਨ। ਉਨ੍ਹਾਂ ਨੂੰ ਏਸ ਗੱਲ ਦੇ ਹਾਮੀ ਹੋਣ ਵਿਚ ਰੰਚਕ ਲੱਜਿਆ ਨਹੀਂ ਆਉਂਦੀ। ਉਨ੍ਹਾਂ ਨੂੰ ਏਸ ਗੱਲ ਦੀ ਪ੍ਰਤੀਤ ਹੀ ਨਹੀਂ ਆਉਂਦੀ ਕਿ ਖਾਲਸਾ ਕੌਮ ਦੀ ਸਿੱਖ ਜਨਤਾ ਗੁਰੂ ਨਾਨਕ ਸਾਹਿਬ ਦੀ ਕੁੱਖ ਵਿੱਚੋਂ ਹੀ ਨਿਕਲੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੋਦ ਵਿੱਚ ਪਲੀ ਹੈ। ਤਿਨ੍ਹਾਂ ਨੂੰ "ਸਿਰ ਊਪਰਿ ਠਾਢਾ ਗੁਰੁ ਸੂਰਾ"* ਨਜ਼ਰ ਹੀ ਨਹੀਂ ਆਉਂਦਾ। ਤਿਨ੍ਹਾਂ ਦੇ ਕਾਰਜ ਕਿਥੋਂ ਤੇ ਕਦੋਂ ਪੂਰੇ ਹੋਣੇ ਹਨ ਤੇ ਕਿਵੇਂ ਪੂਰੇ ਹੋਣੇ ਹਨ ?

ਸਤਿਗੁਰ ਤਿਨ੍ਹਾਂ ਦਾ ਹੀ ਸਹਾਈ ਹੁੰਦਾ ਹੈ, ਜੋ ਸਤਿਗੁਰੂ ਸੂਰਮੇ ਨੂੰ ਸਦਾ ਸੀਸ ਉੱਤੇ ਕਾਇਮ ਦਾਇਮ ਜਾਣਦੇ ਹਨ। ਤਿਨ੍ਹਾਂ ਚੜ੍ਹਦੀ ਕਲਾ ਵਾਲਿਆਂ ਸਿੰਘਾਂ ਸੂਰਮਿਆਂ ਦੇ ਸੀਸਾਂ ਉੱਤੇ ਛਿਆਨਵੇਂ ਕਰੋੜ ਗੁਰੂ ਕੀਆਂ ਗੁਪਤ ਸ਼ਹੀਦੀ ਫ਼ੌਜਾਂ ਸਾਵਧਾਨ ਹੋ ਕੇ ਸਦਾ ਪਹਿਰਾ ਦਿੰਦੀਆਂ ਹਨ। ਅਜਿਹੇ ਸੂਰਮੇ ਸਿੰਘਾਂ ਦੇ ਆਤਮੇ ਅੰਦਰ ਹੀ ਗੁਰੂ ਕੀ ਸੂਰਮਤਾ ਕਲਾ ਵਰਤਦੀ ਹੈ। ਅਜਿਹੇ ਕਲਾਧਾਰੀ ਸੂਰਮੇ ਸਿੰਘਾਂ ਅੰਦਰ ਗੁਰੂ ਨੇ ਆਪ ਵਰਤਣਾ ਹੈ। ਜਦੋਂ ਨੇੜੇ ਤੇੜੇ ਇਹ ਸਮਾਂ ਢੁੱਕ ਆਇਆ ਤੇ ਖਾਲਸਾ ਕੌਮ ਅੰਦਰ ਏਸ ਜ਼ਾਹਰੀ ਕਲਾ ਦਾ ਪਰਤੱਖ ਜ਼ਹੂਰ ਵਰਤ ਗਿਆ, ਉਸ ਛਿਨ ਅੰਦਰ ਤਤਕਾਲ ਹੀ ਖਾਲਸਈ ਹਲੇਮੀ ਰਾਜ ਹੋ ਜਾਏਗਾ, ਜ਼ਰੂਰ ਹੋਏਗਾ, ਹੋ ਕੇ ਰਹੇਗਾ। ਸਤਿਗੁਰੂ ਦਸਮੇਸ਼ ਜੀ ਦੀ ਜ਼ਾਹਰ ਕਲਾ ਵਰਤੇਗੀ। ਉਸ ਦਾ ਜ਼ਹੂਰ ਘਟ ਘਟ ਅੰਦਰ ਵਰਤੇਗਾ। ਇਉਂ ਗੁਰੂ ਅਵਤਾਰ ਧਾਰਨ ਦੇ ਤੱਤ ਆਦਰਸ਼ੀ ਅਰਥ ਜ਼ਹੂਰ ਪਜ਼ੀਰ ਹੋਣਗੇ।

["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ

*ਗਉੜੀ ਸੁਖਮਨੀ ਮ: ੫, ॥੭॥ (੨੨) ਪੰਨਾ ੨੯੩



www.AKJ.Org

# ਗੁਰੂ ਸਿਖ, ਸਿਖ ਗੁਰੂ ਹੈ

## ਆਪੇ ਗੁਰ ਚੇਲਾ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਗੌਰਮੈਂਟ ਕਾਲਜ, ਸੰਗਰੂਰ]

ਗੁਰਮਤਿ ਵਿਚ ਇਹ ਗੱਲ ਪਰਤੱਖ ਤੌਰ ਤੇ ਨਿਰਣਤ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਉਹਨਾਂ ਦੇ ਪਰਵਰਤੀ ਗੁਰੂ ਵਿਅਕਤੀਆਂ ਵਿਚ ਪਰਵੇਸ਼ ਕਰਦੀ ਰਹੀ ਅਤੇ ਅਕਾਲ ਪੁਰਖ ਜੀ ਦੇ ਮਿਸ਼ਨ ਦਾ ਪ੍ਰਚਾਰ ਦੋ ਸੌ ਸਾਲ ਤਕ ਜਾਰੀ ਰਿਹਾ। ਫਿਰ ਇਸ ਜੋਤਿ ਦਾ ਨਿਵਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਦੀਵਕਾਲ ਲਈ ਟਿਕ ਗਿਆ। ਇਹ ਇਕ ਅਜਿਹਾ ਕ੍ਰਿਸ਼ਮਾ ਹੈ ਜਿਸ ਨੂੰ ਅਜੋਕੇ ਪਛਮੀ ਸਭਿਅਤਾ ਦੀ ਪਦਾਰਥਵਾਦੀ ਸਿਖਿਆ ਦੇ ਪੜ੍ਹੇ-ਪੜ੍ਹਾਇਆਂ ਨੂੰ ਕਦੀ ਸਮਝ ਨਹੀਂ ਆ ਸਕਦਾ, ਕਿਉਂਕਿ ਉਹਨਾਂ ਦੀ ਦ੍ਰਿਸ਼ਟੀ ਪਦਾਰਥਵਾਦੀ ਹੋ ਚੁਕੀ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਅਧਿਐਨ ਕਰਨ ਨਾਲ ਜਿਥੇ ਗੁਰਬਾਣੀ ਅੰਦਰ ਆਏ ਅਗੰਮੀ ਸੰਕੇਤਾਂ ਦਾ ਰਹੱਸ ਖੁਲ੍ਹਦਾ ਹੈ, ਉਥੇ ਭਾਈ ਸਾਹਿਬ ਨੇ ਗੁਰੂ ਤੇ ਚੇਲੇ ਦੀ ਅਭੇਦਤਾ ਦਾ ਭੇਦ ਭੀ ਖੋਲ੍ਹਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਈਂ ਸੰਕੇਤ ਮਿਲਦਾ ਹੈ—

ਗੁਰੂ ਸਿਖੁ, ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ ॥੮॥੨॥੯॥ (ਪੰਨਾ ੪੪੪)

ਅਤੇ ਇਹ ਸੰਕੇਤ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤਾ ਹੈ, ਜੋ ਆਪ ਸਿਖ ਤੋਂ ਗੁਰੂ ਬਣੇ। ਆਪ ਜੀ ਤੋਂ ਪਹਿਲੋਂ ਇਹ ਪਰੰਪਰਾ ਕਾਇਮ ਹੋ ਚੁਕੀ ਸੀ। ਸ੍ਰੀ ਲਹਿਣਾ ਜੀ ਸਿਖ ਤੋਂ ਗੁਰੂ ਬਣੇ, ਫਿਰ ਸ੍ਰੀ ਅਮਰਦਾਸ ਜੀ ਸਿਖ ਤੋਂ ਹੀ ਗੁਰੂ ਬਣੇ। ਭਾਈ ਗੁਰਦਾਸ ਜੀ ਇਸੇ ਪਰੰਪਰਾ ਵਿਚ ਪਰਫੁਲਤ ਹੋਏ ਤੇ ਉਹਨਾਂ ਆਪਣੀਆਂ ਵਾਰਾਂ ਵਿਚ ਕਈ ਥਾਈਂ ਸੰਕੇਤ ਦਿਤੇ ਹਨ। ਇਨ੍ਹਾਂ ਵਾਰਾਂ ਦੇ ਆਧਾਰ ਤੇ ਹੇਠਾਂ ਇਸੇ ਵਿਸ਼ੇ ਤੇ ਵਿਚਾਰ ਕੀਤੀ ਗਈ ਹੈ, ਜੋ ਪਾਠਕਾਂ ਲਈ ਰੌਚਕ ਹੋਵੇਗੀ।

ਵੀਹਵੀਂ ਵਾਰ ਵਿਚ ਭਾਈ ਸਾਹਿਬ ਨੇ ਇਸ ਪਰੰਪਰਾ ਬਾਰੇ ਇਉਂ ਲਿਖਿਆ ਹੈ:—

ਸਤਿਗੁਰ ਨਾਨਕ ਦੇਉ ਆਪੁ ਉਪਾਇਆ ॥
ਗੁਰ ਅੰਗਦ ਗੁਰਸਿਖੁ ਬਬਾਣੇ ਆਇਆ ॥
ਗੁਰਸਿਖੁ ਹੈ ਗੁਰ ਅਮਰੁ, ਸਤਿਗੁਰ ਭਾਇਆ ॥
ਰਾਮਦਾਸੁ ਗੁਰਸਿਖੁ, ਗੁਰ ਸਦਵਾਇਆ ॥
ਗੁਰੁ ਅਰਜਨੁ ਗੁਰਸਿਖੁ ਪਰਗਟੀ ਆਇਆ ॥
ਗੁਰਸਿਖੁ ਹਰਿਗੋਵਿੰਦੁ ਨ ਲੁਕੈ ਲੁਕਾਇਆ ॥੧॥ (੨੦)

ਇਸੇ ਵਾਰ ਦੀ ਦੂਜੀ ਪਉੜੀ ਵਿਚ ਆਪ ਅਲੰਕਾਰ ਵਰਤ ਕੇ ਸਮਝਾਉਂਦੇ ਹਨ—

ਗੁਰਮੁਖ ਪਾਰਸੁ ਹੋਇ ਪੂਜ ਕਰਾਇਆ ॥
ਅਸ਼ਟ ਧਾਤੁ ਇਕੁ ਧਾਤੁ ਜੋਤਿ ਜਗਾਇਆ ॥......
ਗੁਰਸਿਖੁ ਸਿਉ ਗੁਰ ਹੋਇ ਅਚਰਜੁ ਦਿਖਾਇਆ ॥
ਜੋਤੀ ਜੋਤਿ ਜਗਾਇ ਦੀਪੁ ਦੀਪਾਇਆ ॥
ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ ॥੨॥ (੨੦)

ਭਾਵ, ਗੁਰੂ-ਪਾਰਸ ਨਾਲ ਪਰਸ ਕੇ ਗੁਰਮੁਖ ਸਿਖ ਪਾਰਸ ਹੋ ਕੇ ਪੂਜਣ ਯੋਗ ਹੋ ਗਿਆ, ਜਿਵੇਂ ਅੱਠ



www.AKJ.Org

ਧਾਤਾਂ* ਦੇ ਮੇਲ ਨਾਲ ਇਕ ਸ੍ਰੇਸ਼ਟ ਧਾਤ ਬਣਦੀ ਹੈ ਤਿਵੇਂ ਭਿੰਨ ਭਿੰਨ ਜਾਤਿ ਵਰਣ ਦੇ ਬੰਦਿਆਂ ਨੂੰ ਆਪਣੀ ਪਾਰਸ-ਛੁਹ ਨਾਲ ਸਤਿਗੁਰੂ ਜੀ ਨੇ ਪਾਰਸ ਕੀਤਾ ਅਤੇ ਅਚਰਜ ਖੇਡ ਇਹ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੇ (ਭਾਰਤੀ ਪਰੰਪਰਾ ਤੋਂ ਉਪਰ ਉਠ ਕੇ) ਆਪਣੇ ਸਿਖ ਨੂੰ ਆਪਣੇ ਜੀਉਂਦੇ-ਜੀ ਗੁਰੂ ਬਣਾ ਦਿਤਾ, ਉਸ ਅੰਦਰ ਆਪਣੀ ਜੋਤਿ ਜਗਾ ਦਿਤੀ, ਜਿਵੇਂ ਪਾਣੀ ਅੰਦਰ ਪਾਣੀ ਮਿਲ ਜਾਏ ਤਾਂ ਮਿਲਣ ਵਾਲੇ ਪਾਣੀ ਦੀ, ਜਿਸ ਵਿਚ ਉਹ ਮਿਲਦਾ ਹੈ, ਹਸਤੀ ਨੂੰ ਵਖ ਵਖ ਕਰਨਾ ਅਸੰਭਵ ਹੋ ਜਾਂਦਾ ਹੈ। ਇਹ ਹੈ ਪੂਰਨ ਮਿਲਾਪ। ਫੁਰਮਾਨ ਹੈ—

(ੳ) ਮਿਲਿਆ ਕਦੇ ਨ ਵਿਛੁੜੇ, ਜੋ ਮੇਲਿਆ ਕਰਤਾਰਿ ॥੮॥੧੮॥੮੮॥ (ਸਿਰੀਰਾਗੁ ਮ: ੫, ਪੰ: ੪੯)

(ਅ) ਕੋਈ ਬੁਝਿ ਨ ਹੰਘਈ, ਪਾਣੀ ਅੰਦਰਿ ਪਾਣੀ ਰਲਿਆ ॥ (ਵਾਰ ੨੪ ਪਉੜੀ ੮)

ਕਬੀਰ ਜੀ ਭੀ ਤਾਂ ਸੰਕੇਤਕ ਬੋਲੀ ਵਿਚ ਫੁਰਮਾਉਂਦੇ ਹਨ :—

—ਏਕ ਜੋਤਿ ਏਕਾ ਮਿਲੀ ਕਿੰਬਾ ਹੋਏ, ਮਹੋਏ ॥ (ਗਉੜੀ ਕਬੀਰ ਜੀ, ਪੰਨਾ ੩੩੫)

ਆਪ ਸਵਾਲ ਕਰਦੇ ਹਨ ਕਿ ਜਦੋਂ ਜੋਤਿ ਵਿਚ ਜੋਤਿ ਮਿਲ ਜਾਂਦੀ ਹੈ, ਕੀ ਉਹ ਵਖ ਕੀਤੀ ਜਾ ਸਕਦੀ ਹੈ ? ਉਤਰ ਭੀ ਆਪ ਹੀ ਦਿੰਦੇ ਹਨ—ਨਹੀਂ। ਜੋਤਿ,ਜੋਤਿ ਨਾਲ ਮਿਲ ਕੇ ਕਦੀ ਨਹੀਂ ਨਿਖੜਦੀ। ਗੁਰਮਤਿ ਦਾ ਨਿਸ਼ਾਨਾ ਭੀ ਤਾਂ ਇਹੋ ਹੈ—ਸੱਚ ਵਿਚ ਸਮਾਉਣਾ। ਮੁਕਤੀ ਹੋਰ ਚੀਜ਼ ਹੈ। ਜੋ ਜੋ ਸਿਖ ਸੱਚ ਵਿਚ ਸਮਾਉਣ ਜੋਗ ਹੋ ਜਾਂਦੇ ਹਨ, ਉਹ ਗੁਰੂ-ਜੋਤਿ ਵਿਚ ਇਕ-ਮਿਕ ਹੋ ਜਾਂਦੇ ਹਨ। ਅਜਿਹੀ ਅਵਸਥਾ ਵਿਚ ਗੁਰੂ ਤੇ ਸਿਖ ਵਿਚਲਾ ਅੰਤਰ ਮੁਕ ਜਾਂਦਾ ਹੈ। ਪਰ ਅਜਿਹਾ ਪੁਗਿਆ ਹੋਇਆ ਸਿਖ ਕਦੀ ਆਪਹੁਦਰਾ ਨਹੀਂ ਬਣਦਾ, ਕਦੀ ਭੀ ਉਹ ਆਪਣੇ ਆਪ ਨੂੰ ਗੁਰੂ ਦਾ ਸ਼ਰੀਕ ਨਹੀਂ ਬਣਾਂਦਾ, ਜਿਵੇਂ ਅੱਜ ਕਲ੍ਹ ਬੇਅੰਤ ਆਪਹੁਦਰੇ, ਸਤਿਗੁਰੂ ਨਾਨਕ ਦੇਵ ਦੇ ਸ਼ਰੀਕ ਬਣ ਬੈਠੇ ਹਨ। ਅਜਿਹੇ ਬਣ ਬੈਠੇ ਨਕਲੀ ਗੁਰੂ, ਸਤਿਗੁਰੂ ਜੀ ਦੀ ਜੋਤਿ ਨਾਲ ਨਹੀਂ ਜੁੜੇ। ਜੋਤਿ ਨਾਲ ਜੁੜੇ ਗੁਰਸਿਖ ਦੀ ਪਛਾਣ ਹੀ ਇਹੋ ਹੈ ਕਿ ਉਹ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਅਬੇ ਰਹੇਗਾ, ਆਪੂੰ ਮੱਥੇ ਨਹੀਂ ਟਿਕਵਾਏਗਾ। ਅਜਿਹਾ ਵਿਹਾਰ ਕਰੇਗਾ ਜਿਸ ਤੋਂ ਪਰਤੀਤ ਹੋਵੇ ਕਿ ਉਹ ਸਿਖ ਹੈ, ਗੁਰੂ ਨਹੀਂ। ਸੂਹੀ ਰਾਗ ਦੀਆਂ ਅਸ਼ਟਪਦੀਆਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ :—

ਤੂ ਆਪੇ ਗੁਰੁ ਚੇਲਾ ਹੈ ਆਪੇ, ਗੁਰ ਵਿਚੁਦੇ ਤੁਝਹਿ ਧਿਆਈ ॥੧੯॥
ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ, ਤੁਧੁ ਸੇਵਕ ਪੈਜ ਰਖਾਈ ॥੨੦॥

[ਸੂਹੀ ਅਸਟ: ਮ: ੪, ਪੰਨਾ ੭੫੮]

ਗੁਰੂ ਤੇ ਚੇਲੇ ਦੇ ਇਸ ਸੰਪਰਕ ਨੂੰ ਦੋ ਪੱਧਰਾਂ ਤੇ ਵੇਖਿਆ ਜਾ ਸਕਦਾ ਹੈ। ਉਪਰਲੀ ਪੰਗਤੀ ਵਿਚ ਸਤਿਗੁਰੂ ਨਾਨਕ ਜੋਤਿ ਅਕਾਲ ਪੁਰਖ ਦੇ ਸਨਮੁਖ ਸੰਬੋਧਨ ਹੋ ਕੇ ਬੇਨਤੀ ਕਰ ਰਹੀ ਹੈ। ਇਥੇ ਅਕਾਲ ਪੁਰਖ ਗੁਰੂ ਹੈ। ਅਤੇ ਅਕਾਲ ਪੁਰਖ ਜੀ ਨੇ :—

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥੬॥

(ਵਾਰ ਆਸਾ ਮ. ੧, ਪੰਨਾ ੪੬੬)

ਫਿਰ, ਸਤਿਗੁਰੂ ਜੀ 'ਜੋਤਿ ਓਹਾ ਜੁਗਤਿ ਸਾਇ' ਹੋ ਕੇ ਚੇਲੇ ਦੇ ਰੂਪ ਵਿਚ ਮਾਤ ਲੋਕ ਵਿਚ ਜੋਤਿ ਦਾ ਪ੍ਰਕਾਸ਼ ਕਰਨ ਹਿਤ ਵਿਚਰਦੇ ਹਨ। ਇਹ ਇਕ ਪੱਧਰ ਹੈ। ਦੂਜਾ ਪੱਧਰ ਹੈ : ਸਤਿਗੁਰੂ ਅਤੇ ਉਸ ਦੁਆਰਾ ਦੀਖਿਅਤ ਹੋਇਆ ਗੁਰਸਿਖ, ਧੰਨ ਭਾਈ ਲਹਿਣਾ ਜੀ, ਤੇ ਹੋਰ ਸਾਰੇ ਗੁਰੂ ਵਿਅਕਤੀ, ਜਿਨ੍ਹਾਂ ਤੇ ਸਤਿਗੁਰੂ ਜੀ ਦੀ ਮਹਾਨ ਬਖ਼ਸ਼ਸ਼ ਹੋਈ ਤੇ ਉਹ ਸਿਖ ਤੋਂ ਗੁਰੂ ਬਣੇ। ਇਸ ਸੰਦਰਭ ਵਿਚ ਵੱਡੀ ਵਡਿਆਈ ਇਹ ਹੈ ਕਿ ਸਤਿਗੁਰੂ

*ਇਹ ਅੱਠ ਧਾਤਾਂ ਇਹ ਹਨ :—ਸੋਨਾ, ਚਾਂਦੀ, ਤਾਂਬਾ, ਜਿਸਤ, ਪਾਰਾ, ਕਲੀ, ਲੋਹਾ ਤੇ ਸਿਕਾ। ਉਹਨਾਂ ਸਮਿਆਂ ਵਿਚ ਅਸ਼ਟਧਾਤ ਨੂੰ ਸ੍ਰੇਸ਼ਟ ਮੰਨਿਆ ਜਾਂਦਾ ਸੀ।



www.AKJ.Org

ਸਾਹਿਬਾਨ ਨੇ ਆਪ ਆਪਣੇ ਉਤਰ-ਅਧਿਕਾਰੀਆਂ ਦੀ ਚੋਣ ਕੀਤੀ ਤੇ ਆਪਣੇ ਹੁੰਦਿਆਂ ਤਿਲਕ ਦਿਵਾਇਆ—

ਜਿ ਹੋਂਦੈ ਗੁਰੂ ਬਹਿ ਟਿਕਿਆ, ਤਿਸੁ ਜਨ ਕੀ ਵਡਿਆਈ ਵਡੀ ਹੋਈ ॥
ਤਿਸੁ ਕਉ ਜਗਤੁ ਨਿਵਿਆ, ਸਭ ਪੈਰੀ ਪਇਆ, ਜਸੁ ਵਰਤਿਆ ਲੋਈ ॥
ਤਿਸੁ ਕਉ ਬ੍ਰਹਮੰਡ ਨਮਸਕਾਰੁ ਕਰਹਿ
ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ ॥੩॥੧੫॥

(ਗਉੜੀ ਕੀ ਵਾਰ, ਮ: ੪, ਪੰਨਾ ੩੦੯)

ਭਾਈ ਗੁਰਦਾਸ ਜੀ ਨੇ ਉਪਰੋਕਤ ਦੂਜੀ ਪੱਧਰ ਨੂੰ ਸਾਹਮਣੇ ਰਖ ਕੇ ਗੁਰੂ ਚੇਲੇ ਦੇ ਪ੍ਰਸੰਗ ਨੂੰ ਆਪਣੀਆਂ ਵਾਰਾਂ ਵਿਚ ਖੋਲ੍ਹ ਕੇ ਵਰਨਣ ਕੀਤਾ ਹੈ। ਆਪ ਲਿਖਦੇ ਹਨ—

ਪੀਰ ਮੁਰੀਦੀ ਗਾਖੜੀ ਕੋ ਵਿਰਲਾ ਜਾਣੈ ॥ ਪੀਰਾਂ ਪੀਰੁ ਵਖਾਣੀਐ, ਗੁਰ ਗੁਰਾਂ ਵਖਾਣੈ ॥
ਗੁਰੁ ਚੇਲਾ, ਚੇਲਾ ਗੁਰੂ, ਕਰਿ ਚੋਜ ਵਿਡਾਣੈ ॥ ਸੋ ਗੁਰੁ, ਸੋਈ ਸਿਖ ਹੈ, ਜੋਤੀ ਜੋਤਿ ਸਮਾਣੈ ॥
ਇਕੁ ਗੁਰੂ ਇਕੁ ਸਿਖੁ ਹੈ,ਗੁਰ ਸਬਦਿ ਸਿਞਾਣੈ ॥ ਮਿਹਰ ਮੁਹਬਤਿ ਮੇਲਿ ਕਰਿ ਭਉ ਭਾਉ ਸੁ ਭਾਣੈ॥੧॥(੧੩)

ਫਿਰ ਇਸੇ ੧੩ਵੀਂ ਵਾਰ ਦੀ ਪੰਝੀਵੀਂ ਪਉੜੀ ਵਿਚ ਬੜੇ ਸੁੰਦਰ ਢੰਗ ਨਾਲ ਸਮਝਾਉਂਦੇ ਹਨ :—

ਪਾਰਬ੍ਰਹਮੁ ਪੂਰਣ ਬ੍ਰਹਮੁ, ਗੁਰ ਨਾਨਕ ਦੇਉ ॥ ਗੁਰ ਅੰਗਦੁ, ਗੁਰ ਅੰਗ ਤੇ, ਸਚ ਸਬਦ ਸਮੇਉ ॥
ਅਮਰਾਪਦੁ, ਗੁਰ ਰਾਮ ਨਾਮੁ, ਗਤਿ ਅਛਲ ਅਛੇਉ ॥ ਰਾਮ ਦਾਸ ਅਰਜਨ ਗੁਰੂ, ਅਬਿਚਲ ਅਰਖੇਉ ॥
ਹਰਿ ਗੋਵਿੰਦੁ, ਗੋਵਿੰਦ ਗੁਰੁ, ਕਾਰਣ ਕਰਣੇਉ ॥੨੫॥ (੧੩)

(੨)

ਸਾਡੇ ਅਜ ਦੇ ਪਦਾਰਥਵਾਦੀ ਵਿਦਵਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਰਤੱਖ ਪਾਰਬ੍ਰਹਮ ਦਾ ਰੂਪ ਕਹਿਣ ਤੋਂ ਪੂਰਨ ਸੰਕੋਚ ਵਰਤਦੇ ਹਨ, ਕਿਉਂਕਿ ਉਹ ਪਦਾਰਥਕ ਤਰਕ-ਵਿਤਰਕ ਦੇ ਘੇਰੇ ਤੋਂ ਬਾਹਰ ਜਾ ਹੀ ਨਹੀਂ ਸਕਦੇ। ਅਗੰਮੀ ਜੋਤਿ ਨੂੰ ਸਮਝਣ ਲਈ ਅਗੰਮੀ ਪੁਰਖਾਂ ਦੀ ਗਵਾਹੀ ਪਰਵਾਨ ਕਰ ਲੈਣੀ ਉਚਿਤ ਹੁੰਦੀ ਹੈ। ਵਿਗਿਆਨ ਦੇ ਖੇਤਰ ਵਿਚ ਭੀ ਵਰਤਮਾਨ ਵਿਗਿਆਨੀ ਆਪਣੇ ਪੁਰਾਤਨ ਵਿਗਿਆਨੀਆਂ ਦੇ ਕੱਢੇ ਸਿਟਿਆਂ ਨੂੰ ਪਰਵਾਨ ਕਰਦੇ ਹਨ ਤੇ ਉਹਨਾਂ ਦੇ ਆਧਾਰ ਤੇ ਵਿਗਿਆਨ ਦੇ ਹੋਰ ਸਿਧਾਂਤਾਂ ਦੀ ਉਸਾਰੀ ਕਰਦੇ ਹਨ। ਇਸੇ ਤਰ੍ਹਾਂ ਆਤਮਕ ਮੰਡਲਾਂ ਦੇ ਹੰਸਲੇ ਗੁਰਸਿਖ ਆਪਣੇ ਪੂਰਬਲੇ ਗੁਰਸਿਖਾਂ, ਆਪਣੇ ਸਤਿਗੁਰਾਂ ਦੀ ਬਾਣੀ ਤੇ ਪੂਰਨ ਸ਼ਰਧਾ ਤੇ ਭੈ-ਭਾਵਨੀ ਸਹਿਤ ਭਰੋਸਾ ਕਰ ਕੇ ਨਿਸਚਾ ਲਿਆਉਂਦੇ ਹਨ। ਗੁਰੂ ਅਰਜਨ ਦੇਵ ਜੀ ਸਤਿਗੁਰੂ ਨਾਨਕ ਦੇਵ ਦੀ ਮਹਿਮਾ ਕਰਦੇ ਹੋਏ ਫੁਰਮਾਉਂਦੇ ਹਨ :—

ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥ (ਭੈਰਉ ਮ:੫,ਪੰ:੧੧੪੨)

ਪੰਦਰ੍ਹਵੀਂ ਵਾਰ ਦੀ ਪਹਿਲੀ ਪਉੜੀ ਵਿਚ ਇਸੇ ਹੀ ਸੰਦਰਭ ਵਿਚ ਭਾਈ ਗੁਰਦਾਸ ਜੀ ਸਤਿਗੁਰ ਦੀ ਮਹਿਮਾ ਇਉਂ ਲਿਖਦੇ ਹਨ :—

ਸਤਿਗੁਰੁ ਸਚਾ ਪਾਤਿਸ਼ਾਹ, ਕੂੜੇ ਬਾਦਿਸ਼ਾਹ ਦੁਨੀਆਵੇ ॥
ਸਤਿਗੁਰੁ ਨਾਥਾਂ ਨਾਥੁ ਹੈ, ਹੋਇ ਨਉਂ ਨਾਥ ਅਨਾਥ ਨਿਥਾਵੇ ॥
ਸਤਿਗੁਰੁ ਸਚ ਦਾਤਾਰੁ ਹੈ, ਹੋਰੁ ਦਾਤੇ ਫਿਰਦੇ ਪਾਛਾਵੇ ॥
ਸਤਿਗੁਰੁ ਕਰਤਾ ਪੁਰਖੁ ਹੈ, ਕਰਿ ਕਰਤੂਤਿ ਨਿਨਾਵਨਿ ਨਾਵੇ ॥
ਸਤਿਗੁਰੁ ਸਚਾ ਸਾਹੁ ਹੈ, ਹੋਰੁ ਸਾਹ ਅਵੇਸਾਹ ਉਚਾਵੇ ॥
ਸਤਿਗੁਰੁ ਸਚਾ ਵੈਦੁ ਹੈ, ਹੋਰੁ ਵੈਦੁ ਸਭ ਕੈਦ ਕੂੜਾਵੇ ॥
ਵਿਣੁ ਸਤਿਗੁਰ ਸਭਿ ਨਿਗੋਸਾਵੇ ॥੧॥ (੧੫)



www.AKJ.Org

ਭਾਵ, ਸਤਿਗੁਰੂ ਸਾਹਿਬ ਕੂੜੇ ਦੁਨਿਆਵੀ ਪਾਤਸ਼ਾਹਾਂ ਦੇ ਮੁਕਾਬਲੇ ਤੇ ਸਚੇ ਪਾਤਸ਼ਾਹ ਹਨ। ਨੌਂ ਨਾਥ ਪ੍ਰਸਿੱਧ ਹਨ—ਆਦਿ ਨਾਥ, ਮਛੰਦ ਨਾਥ, ਉਦੈ, ਸੰਤੋਖ, ਕੰਥੜ, ਸਤਜ, ਅਚੰਭ, ਚੌਰੰਗੀ, ਅਤੇ ਗੋਰਖ ਨਾਥ। ਸਤਿਗੁਰੂ ਜੀ ਇਹਨਾਂ ਨਾਥਾਂ ਨਾਲੋਂ ਬਹੁਤ ਉਚੇ ਹਨ । ਸਤਿਗੁਰ ਜੀ ਸੱਚੇ ਦਾਤਾਰ ਹਨ, ਹੋਰ ਦੁਨਿਆਵੀ ਦਾਤੇ ਪਿਛੇ ਲਗੇ ਫਿਰਦੇ ਹਨ। ਦਰ-ਅਸਲ ਸਤਿਗੁਰ ਤਾਂ ਆਪ ਹੀ ਕਰਤਾਪੁਰਖ ਹਨ ਤੇ ਆਪਣੀ ਕਰਨੀ ਸਦਕਾ ਨਿਨਾਵੇਂ (ਅਪ੍ਰਸਿਧ) ਬੰਦਿਆਂ ਨੂੰ (ਨਾਂਵ ਵਾਲਾ) ਵਡੀ ਵਡਿਆਈ ਵਾਲਾ ਕਰ ਦਿੰਦੇ ਹਨ। ਦੁਨੀਆ ਦੇ ਹੋਰ ਸ਼ਾਹ ਕਾਬਲੇ ਇਤਬਾਰ ਨਹੀਂ, ਸਤਿਗੁਰੂ ਸਚੇ ਪਾਤਸ਼ਾਹ ਹੀ ਸਚੇ ਤੇ ਭਰੋਸੇ ਯੋਗ ਹਨ । ਸਤਿਗੁਰੂ ਜੀ ਹੀ ਸੱਚੇ ਸੁੱਚੇ ਵੈਦ ਹਨ, ਜੋ ਮਨੁਖ ਦੇ ਸਰਬ ਰੋਗਾਂ ਨੂੰ ਨਾਮ ਦੀ ਕਣੀ ਨਾਲ ਰਾਜ਼ੀ ਕਰ ਸਕਦੇ ਹਨ । ਦੁਨਿਆਵੀ ਵੈਦ ਤਾਂ ਆਪਣੇ ਇਲਮ ਦੀ ਕੂੜੀ ਕੈਦ ਵਿਚ ਵਿਚਰਦੇ ਹਨ। ਸਮੁਚੀ ਪਉੜੀ ਦੇ ਅੰਤ ਵਿਚ ਭਾਈ ਸਾਹਿਬ ਟੂਕ ਦਿੰਦੇ ਹਨ ਕਿ ਜਿਨ੍ਹਾਂ ਨੇ ਅਜੇ ਤਕ ਸਤਿਗੁਰੂ ਨੂੰ ਧਾਰਨ ਨਹੀਂ ਕੀਤਾ, ਉਹ ਸਾਰੇ ਹੀ ਨਿਖਸਮੇ ਪਸ਼ੂ ਵਤ ਹਨ।

ਇਸੇ ਵਾਰ ਦੀ ਚੌਥੀ ਪਉੜੀ ਵਿਚ ਦੇਹਧਾਰੀ ਗੁਰੂ ਧਾਰਨੀਆਂ ਵਲ ਇਸ਼ਾਰਾ ਕਰਦੇ ਹੋਏ ਆਪ ਲਿਖਦੇ ਹਨ :—

ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ ॥......
ਗੁਰ ਪੂਰੇ ਵਿਣੁ ਜੂਨਿ ਭਵੰਦਾ ॥੪॥ (੧੫)

ਭਾਈ ਸਾਹਿਬ ਦਾ ਭਾਵ ਇਹ ਹੈ ਕਿ ਸਤਿਗੁਰੂ ਜੀ, ਭਾਰਤੀ ਗੁਰੂ ਪਰੰਪਰਾ ਦੇ ਦੇਹਧਾਰੀ ਗੁਰੂਆਂ ਨਾਲੋਂ ਵਿਲੱਖਣ ਹਨ। ਮਨਮੁਖ ਹੀ ਬੰਦੇ-ਗੁਰੂ ਦਾ (ਬੰਦਾ) ਦਾਸ ਬਣਨਾ ਸਵੀਕਾਰ ਕਰ ਸਕਦਾ ਹੈ। ਸਤਿਗੁਰੂ ਜੀ ਤਾਂ ਆਪ ਹੀ ਕਰਤਾ ਪੁਰਖ ਦਾ ਪਰਤੱਖ ਰੂਪ ਹਨ, ਇਸ ਲਈ ਕੇਵਲ ਐਸੇ ਸਤਿਪੁਰਖ ਦੀ ਚਰਨੀਂ ਲਗਿਆਂ ਹੀ ਜਨਮ-ਮਰਨ ਕਟਿਆ ਜਾ ਸਕਦਾ ਹੈ। ਆਤਮਕ ਜੀਵਨ ਲਈ ਗੁਰੂ ਧਾਰਨ ਕਰਨਾ ਅਤਿ ਜ਼ਰੂਰੀ ਹੈ, ਪਰ ਇਹ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਕਿਹੜਾ ਗੁਰੂ ਧਾਰਨ ਕਰਨਾ ਲਾਹੇਵੰਦਾ ਹੋਵੇਗਾ, ਬੰਦਾ ਗੁਰੂ ਜਾਂ ਜੋਤਿ ਗੁਰੂ। ਬੰਦੇ ਗੁਰੂ ਦਾ ਖੇਤਰ ਇਹ ਲੋਕ ਭੀ ਪੂਰਾ ਨਹੀਂ, ਪਰਲੋਕ ਤਾਂ ਕੀ ਹੋਣਾ ਹੈ। ਪਰ ਜੋਤਿ-ਗੁਰੂ ਲੋਕ ਪਰਲੋਕ ਵਿਖੇ ਸਹਾਈ ਹੋਣ ਦੇ ਸਮਰੱਥ ਹੈ। ਇਸ ਲਈ ਚੇਲੇ ਦੀ ਪਾਰਖੂ ਅੱਖ ਹੀ ਸਿਞਾਨਣ ਦਾ ਜਤਨ ਕਰੇ। ਇਸ ਬਾਰੇ ਭਾਈ ਗੁਰਦਾਸ ਜੀ ਨੇ ਬਹੁਤ ਹੀ ਸੁੰਦਰ ਅਲੰਕਾਰ ਬੰਨ੍ਹ ਕੇ ਸੰਕੇਤ ਦਿਤੇ ਹਨ :—

ਰਤਨਾ ਦੇਖੈ ਸਭੁ ਕੋ, ਰਤਨ ਪਾਰਖੂ ਵਿਰਲਾ ਕੋਈ ॥
ਰਾਗ ਨਾਦ ਸਭ ਕੋ ਸੁਣੈ, ਸਬਦ ਸੁਰਤਿ ਸਮਝੈ ਵਿਰਲੋਈ ॥
ਗੁਰਸਿਖ ਰਤਨ ਪਦਾਰਥਾ, ਸਾਧ ਸੰਗਤਿ ਮਿਲਿ ਮਾਲ ਪਰੋਈ ॥
ਹੀਰੈ ਹੀਰਾ ਬੇਧਿਆ, ਸਬਦ ਸੁਰਤਿ ਮਿਲਿ ਪਰਚਾ ਹੋਈ ॥
ਪਾਰਬ੍ਰਹਮ ਪੂਰਨ ਬ੍ਰਹਮੁ, ਗੁਰੁ ਗੋਵਿੰਦੁ ਸਿਞਾਣੈ ਸੋਈ ॥
ਗੁਰਮੁਖਿ ਸੁਖ ਫਲੁ ਸਹਜਿ ਘਰੁ, ਪਿਰਮ ਪਿਆਲਾ ਜਾਣੁ ਜਣੋਈ ॥
ਗੁਰੁ ਚੇਲਾ ਚੇਲਾ ਗੁਰੁ ਹੋਈ ॥੧੬॥ (੧੫)

ਭਾਵ ਰਤਨ ਤਾਂ ਸਾਰੇ ਹੀ ਦੇਖਦੇ ਹਨ, ਪਰ ਵਿਰਲੇ ਪਾਰਖੂ ਨੂੰ ਹੀ ਇਸ ਦੀ ਸੋਝੀ ਹੁੰਦੀ ਹੈ। ਇਸੇ ਤਰ੍ਹਾਂ ਰਾਗ ਨਾਦ (ਕੰਨ-ਰਸ) ਤਾਂ ਸਾਰੇ ਹੀ ਸੁਣਦੇ ਹਨ; ਪਰ ਸ਼ਬਦ ਸੁਰਤਿ ਦਾ ਪਰਚਾ ਪਾ ਕੇ ਅੰਦਰਲੇ ਅਨਹਤੀ ਵਾਜੇ ਵਿਰਲੀਸ਼ਰਾਂ ਦੇ ਹੀ ਵਜਦ ਹਨ। ਗੁਰਸਿਖ ਸਾਧ ਸੰਗਤ ਵਿਚ ਜਾਂਦਾ ਹੈ ਤਾਂ ਉਹ ਰਾਮ ਨਾਮ ਦੇ ਰਤਨ-ਪਦਾਰਥ ਦਾ ਪਾਰਖੂ ਬਣ ਕੇ ਇਸ ਰਤਨ ਦੀ ਵਣਜਨ (ਖ਼ੀਦ) ਕਰਦਾ ਹੈ। ਗੁਰ-ਸ਼ਬਦ ਨਾਲ ਉਸਦਾ ਹਿਰਦਾ ਵਿੰਨ੍ਹਿਆ ਜਾਂਦਾ ਹੈ ਤੇ ਉਸ ਦੀ ਆਤਮਕ ਕਲਿਆਨ ਸ਼ਬਦ ਸੁਰਤਿ ਦੇ ਮੇਲ ਨਾਲ ਹੋ ਆਉਂਦੀ ਹੈ। ਅਜਿਹਾ ਗੁਰਸਿਖ

[ਬਾਕੀ ਦੇਖੋ ਸਫ਼ਾ ੧੫ ਤੇ]



www.AKJ.Org

# ਤੈਂ ਕੀ ਦਰਦੁ ਨ ਆਇਆ ?

੩੧ ਅਕਤੂਬਰ ੧੯੮੪ ਨੂੰ ਪ੍ਰਧਾਨ ਮੰਤ੍ਰੀ ਸ੍ਰੀ ਮਤੀ ਇੰਦਰਾ ਗਾਂਧੀ ਦੀ ਹਤਿਆ ਨਿਰ-ਸੰਦੇਹ ਇਕ ਅਫ਼ਸੋਸਨਾਕ ਘਟਨਾ ਸੀ। ਪਰ ਅਜੇ ਸ੍ਰੀ ਦਰਬਾਰ ਸਾਹਿਬ ਵਿਚ ਸਿਖ ਮਰਦ ਔਰਤਾਂ ਤੇ ਬੱਚਿਆਂ ਦੀ ਰੁੜ੍ਹਿਆ ਖ਼ੂਨ ਠੰਡਾ ਨਹੀਂ ਸੀ ਹੋਇਆ ਕਿ ਦੇਸ਼ ਦੇ ਵਖ ਵਖ ਭਾਗਾਂ ਵਿਚ ਸਿਖਾਂ ਦੇ ਖ਼ੂਨ ਦੀ ਨਵੀਂ ਹੋਲੀ ਖੇਡੀ ਗਈ। ਪ੍ਰਧਾਨ ਮੰਤ੍ਰੀ ਦੀ ਹਤਿਆ ਤੋਂ ਬਾਅਦ ਦਿਲੀ, ਕਲਕਤਾ, ਕਾਨਪੁਰ, ਜਬਲਪੁਰ, ਭੋਪਾਲ, ਸੋਨੀਪਤ ਤੇ ਹੋਰ ਅਨੇਕਾਂ ਥਾਵਾਂ ਤੇ ਸਿਖਾਂ ਦੀ ਕਤਲੇਆਮ ਨੇ ਦੇਸ਼-ਵੰਡ ਦੇ ਇਤਿਹਾਸ ਨੂੰ ਮੁੜ ਜ਼ਿੰਦਾ ਕਰ ਦਿਤਾ ਹੈ। ਸਿਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕਿਤਨਾ ਹੋਇਆ, ਇਸ ਦੇ ਸਹੀ ਅੰਕੜੇ ਸੈਂਸਰਸ਼ਿਪ ਲਾਗੂ ਹੋਣ ਕਾਰਨ ਪਤਾ ਨਹੀਂ ਲਗ ਸਕੇ। ਪਰ ਸਰਕਾਰੀ ਰਿਪੋਰਟਾਂ ਹੀ ਦਸਦੀਆਂ ਹਨ ਕਿ ਦਿਲੀ ਤੇ ਹੋਰ ਕਈ ਸ਼ਹਿਰਾਂ ਵਿਚ ਵੀਹ ਹਜ਼ਾਰ ਤੋਂ ਵਧ ਸਿਖ ਸ਼ਰਨਾਰਥੀ ਕੈਂਪਾਂ ਵਿਚ ਬੈਠੇ ਹਨ, ਜਿਨ੍ਹਾਂ ਦਾ ਘਰ ਘਾਟ ਜਾਂ ਤਾਂ ਫਿਰਕੂ ਜਨੂੰਨੀਆਂ ਨੇ ਲੁੱਟ ਲਿਆ ਜਾਂ ਅੱਗ ਦੀ ਭੇਟ ਕਰ ਦਿਤਾ। ਕਈ ਪਰਿਵਾਰਾਂ ਦਾ ਤਾਂ ਖੁਰਾ ਖੋਜ ਮਿਟਾ ਦਿਤਾ ਗਿਆ। ਕੀ ਅਸੀਂ ਪੁਛ ਸਕਦੇ ਹਾਂ ਕਿ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਤਲ ਵਿਚ ਸਾਰੇ ਸਿਖ ਭਾਈਚਾਰੇ ਦਾ ਹੱਥ ਸੀ ? ਸ੍ਰੀ ਮਤੀ ਇੰਦਰਾ ਗਾਂਧੀ ਦਾ ਕਤਲ ਜਿਨ੍ਹਾਂ ਹਾਲਾਤ ਵਿਚ ਹੋਇਆ ਤੇ ਇਸ ਪਿਛੇ ਕਿਸ ਦਾ ਹੱਥ ਸੀ, ਇਹ ਤਾਂ ਸਮਾਂ ਹੀ ਦਸੇਗਾ, ਪਰ ਬਿਨਾਂ ਸੋਚੇ ਸਮਝੇ ਹੀ ਸਿਖਾਂ ਵਿਰੁਧ ਦੇਸ਼ ਦੇ ਵਖ ਵਖ ਹਿਸਿਆਂ ਵਿਚ ਕਤਲ ਨੂੰ ਧਾਰਮਕ ਕਟੜਪੁਣੇ ਦੀ ਪੁੱਠ ਦੇ ਕੇ ਮਾਸੂਮ ਸਿਖਾਂ ਦੀ ਕਤਲੇਆਮ ਕਰਨੀ, ਪਾਗਲਪਨ ਦੀ ਹੱਦ ਕਹੀ ਜਾ ਸਕਦੀ ਹੈ। ਅਜ ਸਾਡੇ ਹਿੰਦੂ ਭਰਾ ਇਹ ਭੁਲ ਗਏ ਹਨ ਕਿ ਸਿਖ ਗੁਰੂ ਸਾਹਿਬਾਨ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਹਿੰਦੂ ਧਰਮ ਦੀ ਰਖਿਆ ਕੀਤੀ ਸੀ।

ਨਾਦਰ ਤੇ ਅਬਦਾਲੀ ਤੇ ਹਮਲਿਆਂ ਵਿਚ ਹਜ਼ਾਰਾਂ ਹਿੰਦੂ ਬਹੂ ਬੇਟੀਆਂ ਨੂੰ ਮੁਗਲਾਂ ਦੀ ਕੈਦ ਤੋਂ ਛੁਡਵਾ ਕੇ ਉਨ੍ਹਾਂ ਨੂੰ ਹਿਫ਼ਾਜ਼ਤ ਨਾਲ ਘਰੋ ਘਰੀ ਪੁਚਾਉਣ ਵਾਲੇ ਸਿਖ ਹੀ ਸਨ। ਪਰ ਸ਼ੋਕ ! ਕਿ ਅਜ ਹਿੰਦੂ ਵੀਰ ਹੀ ਬਹੁ-ਗਿਣਤੀ ਵਿਚ ਹੁੰਦੇ ਹੋਏ ਘਟ-ਗਿਣਤੀ ਸਿਖਾਂ ਦੀ ਕਤਲੇਆਮ ਕਰ ਰਹੇ ਹਨ। ਕਹਿੰਦੇ ਹਨ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਅਜ ਫਿਰ ਗੁਰੂ ਨਾਨਕ ਦੇਵ ਜੀ ਦੇ ਸਿਖ ਰੱਬ ਅਗੇ ਪੁਕਾਰ ਕਰ ਰਹੇ ਹਨ—

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥੩੯॥ [ਆਸਾ ਮਹਲਾ ੧, ਪੰਨਾ—੩੬੦

ਉਨ੍ਹਾਂ ਸਿਖ ਪਰਿਵਾਰਾਂ ਨੂੰ, ਜਿਨ੍ਹਾਂ ਤੇ ਫਿਰਕੂ ਜਨੂੰਨੀ ਮੁਗਲਾਂ ਤੋਂ ਵਧ ਹੋ ਕੇ ਆ ਪਏ, ਉਨ੍ਹਾਂ ਦੀ ਹਾਲਤ ਕੀ ਹੋਵੇਗੀ, ਇਸਦਾ ਅਨੁਮਾਨ ਉਸ ਵੇਲੇ ਹੀ ਮਨੁਖ ਨੂੰ ਹੁੰਦਾ ਹੈ ਜਦੋਂ ਉਹ ਘੜੀ ਮਨੁੱਖ ਤੇ ਆਪ ਬੀਤੇ ! ਅਸੀਂ ਸਮਝਦੇ ਹਾਂ ਕਿ ਸਿਖਾਂ ਦੀ ਇਸ ਨਵੀਂ ਕਤਲੇਆਮ ਲਈ ਸਰਕਾਰ ਹੀ ਦੋਸ਼ੀ ਹੈ, ਜਿਸ ਨੇ ਸਿਖਾਂ ਦੇ ਜਾਨ ਮਾਲ ਦੀ ਹਿਫ਼ਾਜ਼ਤ ਕਰਨ ਲਈ ਉਚਿਤ ਸਮੇਂ ਤੇ ਕਦਮ ਨਹੀਂ ਚੁਕਿਆ। ਜੇਕਰ ਸਰਕਾਰ ਪਹਿਲਾਂ ਹੀ ਦਿਲੀ ਵਿਚ ਕਰਫ਼ੀਊ ਲਗਾ ਦਿੰਦੀ ਤਾਂ ਸਿਖਾਂ ਦਾ ਭਾਰੀ ਜਾਨੀ-ਮਾਲੀ ਨੁਕਸਾਨ ਹੋਣ ਦੀ ਨੌਬਤ ਨਾ ਆਉਂਦੀ।

ਹਿਮਾਚਲ ਪ੍ਰਦੇਸ ਵਿਚ ਹੀ ਸਿਖਾਂ ਦੇ ਨੁਕਸਾਨ ਦਾ ਅੰਦਾਜ਼ਾ ਇਥੋਂ ਲਗਾਇਆ ਜਾ ਸਕਦਾ ਹੈ ਕਿ ਮੁਖ ਮੰਤਰੀ ਵੀਰ ਭਦਰ ਸਿੰਘ ਨੇ ਦਸਿਆ ਹੈ ਕਿ ਹਿੰਸਾ ਦੌਰਾਨ ੫ ਲਖ ਰੁਪਏ ਦਾ ਮਾਲ ਬਰਾਮਦ ਕਰਕੇ ਪੁਲਸ ਨੇ ਉਸਦੇ ਮਾਲਕਾਂ ਦੇ ਹਵਾਲੇ ਕਰ ਦਿਤਾ ਹੈ ਤੇ ਘਟ-ਗਿਣਤੀ ਫ਼ਿਰਕੇ ਤੇ ਉਨ੍ਹਾਂ ਦੇ ਪੂਜਾ-ਅਸਥਾਨਾਂ ਨੂੰ ਸੁਰੱਖਿਆ ਦੇਣ ਦੇ ਹੁਕਮ ਦੇ ਦਿਤੇ ਗਏ ਹਨ। ਸਿਖਾਂ ਦੇ ਧਾਰਮਕ ਅਸਥਾਨਾਂ ਦਾ ਕਿਤਨਾ ਨੁਕਸਾਨ ਹੋਇਆ ਹੈ, ਇਹ ਵੀ ਅਖ਼ਬਾਰਾਂ ਤੇ ਸੈਂਸਰ ਲਾਗੂ ਹੋਣ ਕਾਰਨ ਪਤਾ ਨਹੀਂ ਲਗ ਸਕਿਆ। ਕੇਂਦਰੀ ਸਰਕਾਰ ਨੇ ਵੀ ਉਜੜ ਚੁਕੇ ਤੇ ਮਰ ਚੁਕੇ ਸਿਖਾਂ ਦੇ ਪਰਿਵਾਰਾਂ ਨੂੰ ਮਾਲੀ ਮਦਦ ਦੇਣ ਦਾ ਐਲਾਨ ਕੀਤਾ ਹੈ, ਪਰ ਇਸ ਤੇ ਅਮਲ ਕਦੋਂ ਤੇ ਕਿਥੋਂ ਤਕ ਹੋਵੇਗਾ, ਇਹ ਤਾਂ ਸਮਾਂ ਹੀ ਦਸੇਗਾ। ਹੁਣ ਦੀ ਘੜੀ ਤਾਂ ਸਿਖਾਂ ਲਈ ਅਤਿ ਸੰਕਟ ਦੀ ਘੜੀ ਹੈ, ਜਿਸ ਵਿਚੋਂ ਪਾਰ ਲੰਘਾਉਣ ਲਈ ਅਸੀਂ ਵਾਹਿਗੁਰੂ ਅਗੇ ਅਰਦਾਸ ਹੀ ਕਰ ਸਕਦੇ ਹਾਂ।

ਸੰਪਾਦਕ, ਖਾਲਸਾ ਸਮਾਚਾਰ, ੮-੧੧-੮੪



www.AKJ.Org

# ਸਿੰਘ ਤੇ ਸਿੰਘ ਸਾਹਿਬਾਨ ਦਾ ਹੱਸਤੀ-ਚਰਿਤਰ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ]

'ਸਿੰਘ' ਹਰ ਉਸ ਵਿਅਕਤੀ ਨੂੰ ਆਖਿਆ ਜਾਂ ਸਵੀਕਾਰ ਕੀਤਾ ਜਾ ਸਕਦਾ ਹੈ, ਜਿਸ ਨੇ ਗੁਰਮਤਿ ਮਰਯਾਦਾ-ਬੱਧ ਢੰਗ ਨਾਲ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ 'ਅੰਮ੍ਰਿਤ' ਛੱਕ ਲਿਆ ਹੈ ਜਾਂ ਪ੍ਰਾਪਤ ਕਰ ਲਿਆ ਹੈ। ਅੰਮ੍ਰਿਤ ਦੇ ਛੱਕਣ ਨਾਲ 'ਸਿੰਘਾਂ' ਨੂੰ ਪੰਜ ਕਕਾਰੀ ਸਰੂਪ, ਨਿਤਨੇਮ ਦੇ ਬਾਣੀ-ਅਭਿਆਸ ਤੇ ਨਿਆਰੇ ਤੇਜ ਵਿਚ ਰਹਿਣਾ, ਜੀਊਣਾ ਤੇ ਵਿਚਰਨਾ ਵੀ ਜ਼ਰੂਰੀ ਹੋ ਜਾਂਦਾ ਹੈ। ਸਿੰਘ ਦਾ ਸਮੁਚਾ 'ਜੀਵਨ' ਗੁਰੂ ਤੇ ਧਰਮ ਨੂੰ ਸਮਰਪਿਤ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੈਕਾਰ ਸਿਖ ਧਰਮ ਦੀ ਚੜ੍ਹਦੀ ਕਲਾ ਤੇ ਖਾਲਸਾ ਪੰਥ ਦੇ ਆਦਰਸ਼ਾਂ ਦੀ ਫਤਹ, ਉਸ ਦੇ ਜੀਵਨ ਦਾ ਨਿਰੰਤਰ ਸੰਘਰਸ਼ ਹੁੰਦਾ ਹੈ। ਸੱਚ, ਪ੍ਰੇਮ, ਅਣਖ ਤੇ ਅਜ਼ਾਦੀ ਉਸ ਦਾ ਆਚਾਰ-ਧਨ ਹੁੰਦਾ ਹੈ। ਸੰਪਰਦਾਇਕ ਵਿਤਕਰੇ, ਮਾਨਵ-ਵਿਰੋਧੀ ਭਾਵਨਾ, ਦੇਸ਼-ਧਰੋਹੀ ਸਾਜ਼ਸ਼ਾਂ ਤੇ ਕੂੜ-ਕ੍ਰਿਆ ਦਾ ਵਿਰੋਧ ਕਰਨਾ ਤੇ ਧਰਤੀ ਪਾਸਾਰ ਵਿਚ ਏਕਤਾ, ਪਿਆਰ, ਨਿਆਂ ਤੇ ਸ਼ਾਂਤੀ ਦੇ ਵਾਤਾਵਰਣ ਨੂੰ ਸਿਰਜਣਾ, 'ਸਿੰਘ' ਆਪਣਾ ਜਨਮ ਸਿੱਧ ਅਧਿਕਾਰ ਅਤੇ ਫ਼ਰਜ਼ ਸਮਝਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ੨੩੯ ਸਾਲ ਸਿੰਘ ਦੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਜਗਾ ਕੇ, ਉਸ ਨੂੰ ਮੁੜ ਮੁੜ ਕੇ ਇਹ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਵਰਨ-ਵੰਡ, ਸਮਾਜਕ ਵਿਤਕਰਾ ਤੇ ਕੁਲ-ਭੇਦ ਦੀ ਕੋਈ ਹਦ ਨਹੀਂ, ਇਹ ਨਿਰੋਲ ਸਹਸਾ ਤੇ ਪਾਖੰਡ ਹੈ। ਸਿੰਘ ਦਾ ਭੋਜਨ ਨਾਮ-ਸਿਮਰਤੀ ਹੈ, ਵਿਹਾਰ ਅਤੇ ਕਿਰਦਾਰ 'ਮਾਨਵ-ਪ੍ਰੇਮ' ਹੈ, 'ਜੀਵਨ ਆਦਰਸ਼' 'ਧਰਮ-ਦੋਖੀਆਂ' ਤੇ ਦੁਸ਼ਟਾਂ ਨੂੰ ਸੋਧਣਾ ਹੈ। ਜੇ ਦੋਖੀਆਂ ਤੇ ਦੁਸ਼ਟਾਂ ਨੂੰ ਸੋਧਣ ਵਾਸਤੇ ਜਾਂ ਇਹਨਾਂ ਤੋਂ 'ਗੁਰੂ-ਦੁਆਰਿਆਂ' ਤੇ ਧਰਮ-ਮੰਦਰਾਂ ਦੀ ਪਵਿਤਰਤਾ ਦੀ ਸੁਰੱਖਿਆ ਲਈ 'ਸਿਰ' ਤਲੀ ਉਤੇ ਰਖ ਕੇ ਸ਼ਹੀਦ-ਕ੍ਰਿਆ ਦੇ ਪ੍ਰਗਟਾਵਾ ਵੀ ਕਰਨਾ ਪਵੇ ਤਾਂ ਵੱਡੀ ਤੋਂ ਵੱਡੀ ਸ਼ਕਤੀ ਜਾਂ ਸੈਨਾ ਦੇ ਡਰ ਤੋਂ ਬੇਪ੍ਰਵਾਹ ਹੋ ਕੇ ਵੀ, ਆਪਣੇ 'ਸਿੰਘ-ਆਦਰਸ਼' ਨੂੰ ਪਾਲਣਾ ਉਹ ਆਪਣੇ 'ਗੁਰੂ' ਦੀ ਪ੍ਰਾਪਤ ਹੋਈ 'ਲੱਖ ਖੁਸ਼ੀ' ਤੇ 'ਲੱਖ ਪਾਤਸ਼ਾਹੀ' ਮੰਨਦਾ ਹੈ। 'ਸਿੰਘ' ਆਪਣੇ ਗੁਰੂ-ਪਾਤਿਸ਼ਾਹ ਦੇ ਪ੍ਰੇਮ ਦਾ ਗੋਲਾ ਹੈ ਤੇ ਗੁਰੂ-ਪਾਤਿਸ਼ਾਹ ਅਤੇ ਗੁਰਦੁਆਰਿਆਂ ਦੀ 'ਪਤਿ' ਅਤੇ ਆਜ਼ਾਦੀ ਲਈ ਜੂਝਣਾ ਉਹ ਆਪਣਾ ਪ੍ਰਥਮ ਹੱਕ ਤੇ ਅਧਿਕਾਰ ਸਮਝਦਾ ਹੈ। ਕਿਸੀ ਸਰਕਾਰ ਜਾਂ ਹਾਕਮ ਦਾ, ਲੋਭ-ਲਾਲਚ ਅਧੀਨ 'ਗ਼ੁਲਾਮ' ਰਹਿਣਾ ਜਾਂ 'ਪ੍ਰਸੰਸਕ' ਹੋਣ ਨੂੰ 'ਸਿੰਘ' ਵੱਡੀ ਗਿਰਾਵਟ ਸਮਝਦਾ ਹੈ।... ..

ਸਿੰਘ ਸਾਹਿਬਾਨ ਦੀ ਹਸਤੀ ਮੂਲ ਰੂਪ ਵਿਚ ਧਾਰਮਿਕ ਤੇ ਸਿੰਘ-ਚਰਿੱਤਰ ਦੀ ਹਸਤੀ ਹੈ। ਜਿਵੇਂ 'ਸਿੰਘ' ਧਰਮ ਦੀ ਅਜ਼ਾਦੀ ਤੇ ਮੌਤ ਦੇ ਭੈ ਤੋਂ ਮੁਕਤ ਹੋ ਕੇ ਜੀਊਂਦਾ ਹੈ, ਇਸੇ ਤਰ੍ਹਾਂ ਸਿੰਘ ਸਾਹਿਬਾਨ ਮੈਲ, ਡਰ ਤੇ ਪ੍ਰਾਧੀਨਤਾ ਤੋਂ ਮੁਕਤ ਹੋ ਕੇ ਜੀਊਂਦੇ ਹਨ। ਉਹਨਾਂ ਦੇ ਹਸਤੀ-ਚਰਿੱਤਰ ਵਿਚ ਕੋਈ ਵੀ ਕਿਸੇ ਤਰ੍ਹਾਂ ਦੇ ਸੰਪਰਦਾਇਕ ਵਿਤਕਰੇ, ਮਾਨਵ-ਵਿਰੋਧੀ ਹਿੱਤ, ਦੇਸ਼-ਧਰੋਹੀ ਸਾਜ਼ਸ਼ਾਂ ਤੇ ਕੂੜ-ਕ੍ਰਿਆ ਨਹੀਂ ਹੁੰਦੀ। ਸਿੰਘ ਸਾਹਿਬਾਨ ਦੀ ਪ੍ਰਥਮ ਵਫ਼ਾਦਾਰੀ ਗੁਰੂ-ਜੋਤਿ ਸ਼ਬਦ ਦੇ ਪ੍ਰਕਾਸ਼ 'ਗੁਰੂ-ਧਰਮ-ਜੁਗਤਿ' ਦੇ ਪ੍ਰਚਾਰ ਲਈ ਹੈ। ਗੁਰੂ-ਭਗਤੀ ਤੇ ਗੁਰੂ-ਸ਼ਕਤੀ ਸੋਮਿਆਂ ਨੂੰ ਉਜਾੜਨ ਲਈ, ਜਾਂ ਸਿੱਖੀ ਅਣਖ ਤੇ ਆਜ਼ਾਦੀ ਨੂੰ ਨੀਵਾਂ ਦਿਖਾਣ ਲਈ ਜਦੋਂ ਕਦੀ ਵੀ ਕਿਸੇ ਦੋਖੀ ਸਰਕਾਰ ਨੇ ਜਾਂ ਵਿਰੋਧੀ ਹਾਕਮ ਨੇ ਹਮਲਾ ਕੀਤਾ ਹੈ, ਤਾਂ ਸਿੰਘਾਂ ਤੇ ਸਿੰਘ ਸਾਹਿਬਾਨ ਨੇ 'ਸਿਰ' ਤਲੀ ਉਤੇ ਰਖ ਕੇ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਤੇ ਬਾਬਾ ਗੁਰਬਖਸ਼ ਸਿੰਘ ਜੀ ਵਾਂਗ 'ਸ਼ਹਾਦਤ' ਪ੍ਰਾਪਤ ਕਰ ਲਈ ਹੈ—ਆਤਮ ਸਮਰਪਣ ਨਹੀਂ ਕੀਤਾ। ੫–੬ ਜੂਨ ੧੯੮੪ ਨੂੰ, ਸ੍ਰੀ ਅੰਮ੍ਰਿਤਸਰ ਦੇ ਕੰਪਲੈਕਸ ਵਿਚ ਸਿੰਘਾਂ ਦੀਆਂ ਹੋਈਆਂ ਹਜ਼ਾਰਾਂ ਸ਼ਹਾਦਤਾਂ ੧੮ਵੀਂ ਸਦੀ ਦੀ ਪੈੜ ਦੀਆਂ ਸ਼ਹਾਦਤਾਂ ਹੀ ਹਨ।......

['ਗੁਰਮਤਿ ਪ੍ਰਕਾਸ਼', ਨਵੰਬਰ ੧੯੮੪ ਦੇ ਲੇਖ ਵਿਚੋਂ]



www.AKJ.Org

ਦੀਵਾਲੀ ਦੇ ਮੌਕੇ ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ

# ਕੌਮ ਦੇ ਨਾਂ ਸੰਦੇਸ਼

ਪਰਮ ਸਤਿਕਾਰ ਯੋਗ ਗੁਰੂ ਰੂਪ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹ।

......ਮੈਨੂੰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਵਾਰ ਦੀ ਦੀਵਾਲੀ ਸਾਡੇ ਲਈ ਖ਼ੁਸ਼ੀਆਂ ਭਰਿਆ ਤਿਉਹਾਰ ਨਹੀਂ, ਸਗੋਂ ਸੋਗ ਤੇ ਮਾਤਮ ਦਾ ਤਿਉਹਾਰ ਬਣ ਗਿਆ ਹੈ। ਕਿਉਂ ਕਿ ਵਕਤ ਦੇ ਹੁਕਮਰਾਨਾਂ ਵਲੋਂ ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ ਤੇ ਹੋਏ ਹਮਲੇ ਦੌਰਾਨ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨ, ਬੱਚਿਆਂ, ਬੁੱਢਿਆਂ ਅਤੇ ਔਰਤਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਪੰਥਕ ਮੁਖੀ ਅਤੇ ਹਜ਼ਾਰਾਂ ਨਿਰਦੋਸ਼ ਨੌਜਵਾਨ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਡੱਕੇ ਹੋਏ ਹਨ।

ਅਫ਼ਸੋਸ ਹੈ ਕਿ ਜਿਸ ਭਾਰਤ ਵਰਸ਼ ਦੀ ਦੀਵਾਲੀ ਨੂੰ ਜਗਮਗ ਉਂਦੇ ਰੱਖਣ ਲਈ ਸਿੱਖ ਗੁਰੂ ਸਾਹਿਬਾਨ ਅਤੇ ਖਾਲਸੇ ਨੇ ਅਣ-ਮਿਣਿਆ ਲਹੂ ਡੋਲ੍ਹਿਆ ਅਤੇ ਅਸਹਿ ਤੇ ਅਕਹਿ ਕਸ਼ਟ ਝੱਲੇ, ਅੱਜ ਉਸੇ ਭਾਰਤ ਸਰਕਾਰ ਨੇ ਭਗਤੀ ਤੇ ਸ਼ਕਤੀ ਦੇ ਕੇਂਦਰ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਨਾਲ ਛਲਨੀ ਕੀਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਢਹਿ-ਢੇਰੀ ਨਹੀਂ ਕੀਤਾ, ਸਗੋਂ ਪੰਜਾਬ ਭਰ ਦੇ ਦਰਜਨਾਂ ਪਵਿੱਤਰ ਗੁਰਧਾਮਾਂ ਦੀ ਬੇ-ਹੁਰਮਤੀ ਕੀਤੀ ਤੇ ਸਿੱਖ ਸੱਭਿਆਚਾਰ ਤੇ ਇਤਿਹਾਸ ਨੂੰ ਮਲੀਆਮੇਟ ਕਰਨ ਲਈ ਸਿੱਖ ਰੈਫਰੈਂਸ ਲਾਇਬਰੇਰੀ ਨੂੰ ਪੰਝੀ ਸੌ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਸਮੇਤ ਅਗਨ ਭੇਟ ਕਰ ਦਿੱਤਾ। ਜੋ ਕੁਝ ਜੂਨ ਤੋਂ ਲੈ ਕੇ ਹੁਣ ਤਕ, ਸਿੱਖ ਕੌਮ ਨਾਲ ਕੀਤਾ ਗਿਆ, ਇਸ ਦੀ ਦੁਨੀਆ ਦੇ ਇਤਿਹਾਸ ਵਿਚ ਕੋਈ ਮਿਸਾਲ ਨਹੀਂ ਮਿਲਦੀ।

ਭਾਰਤ ਦੇ ਉੱਘੇ ਜਰਨੈਲਾਂ, ਵਿਦਵਾਨਾਂ ਤੇ ਬੁੱਧੀਜੀਵੀਆਂ ਨੇ ਸਪੱਸ਼ਟ ਕੀਤਾ ਹੈ ਕਿ ਜੇ ਭਾਰਤ ਸਰਕਾਰ ਈਮਾਨਦਾਰੀ ਤੋਂ ਕੰਮ ਲੈ ਕੇ ਸਿੱਖਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕਰ ਲੈਂਦੀ ਤਾਂ ਇਹ ਭਿਆਨਕ ਸਾਕਾ ਟਾਲਿਆ ਜਾ ਸਕਦਾ ਸੀ, ਪਰ ਸਰਕਾਰ ਨੇ ਹੱਕ ਤੇ ਸੱਚ ਦਾ ਰਸਤਾ ਤਿਆਗ ਕੇ ਭਾਰਤ ਦੀ ਅਹਿਮ ਘਟ ਗਿਣਤੀ ਦੇ ਸ਼ਾਂਤਮਈ ਸੰਘਰਸ਼ ਨੂੰ ਫ਼ੌਜੀ ਸ਼ਕਤੀ ਨਾਲ ਕੁਚਲਣ ਦਾ ਰਾਹ ਫੜਿਆ, ਜੋ ਆਜ਼ਾਦ ਭਾਰਤ ਵਿਚ ਪਹਿਲਾ ਮੌਕਾ ਸੀ।

ਇਸ ਕੌਮੀ ਦੁਖਾਂਤ ਦੀ ਅਸਹਿ ਪੀੜ, ਮਾਸੂਮਾਂ ਦੇ ਕਤਲਿਆਮ ਅਤੇ ਯਤੀਮ ਬੱਚਿਆਂ ਦੀ ਚੀਖ-ਪੁਕਾਰ ਨੇ ਖਾਲਸਾ ਪੰਥ ਦੀ ਦੀਵਾਲੀ ਨੂੰ ਸ਼ਿਆਹ ਹਨੇਰਿਆਂ ਨਾਲ ਭਰ ਦਿੱਤਾ ਹੈ। ਖਾਲਸਾ ਜੀ! ਮੈਨੂੰ ਦੁੱਖ ਹੈ ਕਿ ਅੱਜ ਹਰ ਅੰਮ੍ਰਿਤਧਾਰੀ ਸਿੱਖ ਨੂੰ 'ਵੱਖਵਾਦੀ' ਤੇ 'ਅੱਤਵਾਦੀ' ਆਖ ਕੇ ਭੰਡਿਆ ਜਾ ਰਿਹਾ ਹੈ ਅਤੇ ਉਸ ਨੂੰ ਅਣ-ਮਨੁੱਖੀ ਜ਼ੁਲਮਾਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਥਾਂ-ਥਾਂ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਖਾਲਸਾ ਪੰਥ ਦੇ ਭਵਿੱਖ ਦੇ ਵਾਰਸਾਂ ਨੂੰ ਕੋਹਿਆ ਜਾ ਰਿਹਾ ਹੈ। ਪਰ ਸਰਕਾਰ ਦੇ ਪਰਚਾਰ ਸਾਧਨ, ਅਖ਼ਬਾਰਾਂ, ਟੀ. ਵੀ. ਤੇ ਰੇਡੀਓ ਆਦਿ, ਸਿੱਖਾਂ ਨੂੰ ਬਦਨਾਮ ਕਰਨ ਵਿਚ ਲੱਗੇ ਹੋਏ ਹਨ।

ਅੱਜ ਬੜਾ ਸੰਕਟ ਦਾ ਸਮਾਂ ਹੈ ਅਤੇ ਪੰਥ-ਵਿਰੋਧੀ ਸ਼ਕਤੀਆਂ ਵਲੋਂ ਨਾ ਕੇਵਲ ਸਿੱਖ-ਸ਼ਕਤੀ ਨੂੰ ਖੇਰੂੰ-ਖੇਰੂੰ ਕਰਨ ਲਈ ਸਾਜ਼ਸ਼ਾਂ ਹੀ ਰਚੀਆਂ ਜਾ ਰਹੀਆਂ ਹਨ, ਸਗੋਂ ਸਿੱਖਾਂ ਨੂੰ ਸਿੱਖ-ਸ਼ਕਤੀ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲੋਂ ਤੋੜਨ ਦੇ ਯਤਨ ਲਗਾਤਾਰ ਜਾਰੀ ਹਨ।

ਪਰ ਇਤਿਹਾਸ ਗਵਾਹ ਹੈ ਕਿ—'ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥' ਅਨੁਸਾਰ ਖਾਲਸਾ ਪੰਥ ਨੇ ਹਰ ਸੰਕਟ, ਬਿਪਤਾ, ਦੁਖਾਂਤ ਤੇ ਘਲੂਘਾਰੇ ਵਿਚ ਜ਼ਬਤ, ਦਲੇਰੀ, ਸਾਹਸ ਤੇ ਸਬਰ ਦਾ ਪ੍ਰਗਟਾਵਾ ਕਰਦਿਆਂ ਆਪਣੇ ਰੌਸ਼ਨ ਭਵਿੱਖ ਦਾ ਸੰਕਲਪ ਦੁਹਰਾਇਆ ਹੈ। ਅਠਾਰ੍ਹਵੀਂ ਸਦੀ ਵਿਚ ਵੀ ਹਰ ਦੀਵਾਲੀ ਤੇ ਖਾਲਸਾ ਸ੍ਰੀ ਦਰਬਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੁੜ ਕੇ ਜਿਥੇ ਆਪਣੇ ਪਿਛਲੇ ਸੰਘਰਸ਼ ਦਾ ਲੇਖਾ ਜੋਖਾ ਕਰਦਾ ਰਿਹਾ ਹੈ, ਉਥੇ ਆਪਣੇ ਭਵਿਖ ਦੇ ਪ੍ਰੋਗਰਾਮ ਵੀ ਉਲੀਕਦਾ ਰਿਹਾ ਹੈ। ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ



www.AKJ.Org

ਬ੍ਰਹਮ ਗਿਆਨੀ ਭਾਈ ਮਨੀ ਸਿੰਘ ਜੀ ਸ਼ਹੀਦ ਦੀ ਸ਼ਹਾਦਤ ਦਾ ਕਾਰਨ ਵੀ ਇਕ ਦੀਵਾਲੀ ਹੀ ਸੀ ।......

ਅੱਜ ਵੀ ਜਦੋਂ ਸਿੱਖ ਕੌਮ ਉਤੇ ਸੰਕਟ ਦੇ ਬੱਦਲ ਮੰਡਲਾ ਰਹੇ ਹਨ ਅਤੇ ਜ਼ੁਲਮ ਦੀ ਤਲਵਾਰ ਸਿੱਖੀ ਦੇ ਭਵਿੱਖ ਦੇ ਵਾਰਸਾਂ ਦੇ ਸਿਰ ਤੇ ਲਟਕ ਰਹੀ ਹੈ ਤਾਂ ਸਮੇਂ ਦੀ ਮੰਗ ਹੈ ਕਿ ਸਮੁੱਚਾ ਖਾਲਸਾ ਪੰਥ—"ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ ॥" ਦੇ ਗੁਰਵਾਕ ਅਨੁਸਾਰ ਆਪਣੇ ਸਾਰੇ ਮੱਤ-ਭੇਦ ਮਿਟਾ ਕੇ, ਇਕ ਮੁੱਠ ਹੋ ਕੇ, ਵਿਸ਼ਾਲ ਏਕੇ ਨਾਲ ਇਸ ਜ਼ੁਲਮ ਦਾ ਟਾਕਰਾ ਕਰੇ ਅਤੇ ਆਪਣੇ ਮਿਥੇ ਨਿਸ਼ਾਨਿਆਂ ਦੀ ਪੂਰਤੀ ਲਈ ਸੰਘਰਸ਼ ਨੂੰ ਹੋਰ ਤਿੱਖਾ ਕਰੇ ।

ਮੈਂ ਭਾਰਤ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਦੇਸ਼ ਭਗਤ ਸਿੱਖ ਇਸ ਦੇ ਵਾਰਸ ਹਨ, ਕਿਉਂਕਿ ਭਾਰਤ ਦੇਸ਼ ਦੀਆਂ ਹੱਦਾਂ ਸਿੱਖਾਂ ਦੇ ਲਹੂ ਨਾਲ ਉਲੀਕੀਆਂ ਗਈਆਂ ਹਨ......।

ਵੱਧਦੇ ਪੰਥਕ ਕਾਫਲੇ ਦੇ ਰਾਹ ਵਿਚ ਅੱਗੇ ਕਾਫੀ ਰੁਕਾਵਟਾਂ ਹਨ, ਪਰ ਖਾਲਸਾ ਪੰਥ ਨੇ ਜ਼ਬਤ, ਹਿੰਮਤ, ਉਤਸ਼ਾਹ ਤੇ ਕੁਰਬਾਨੀ ਨਾਲ ਇਹਨਾਂ ਸਭ ਰੁਕਾਵਟਾਂ ਨੂੰ ਦੂਰ ਕਰਨਾ ਹੈ ਅਤੇ ਕਲਗੀਧਰ ਪਿਤਾ ਦੇ—"ਨਿਸਚੈ ਕਰ ਆਪਨੀ ਜੀਤ ਕਰੋ" ਦੇ ਸੰਕਲਪ ਅਨੁਸਾਰ ਆਪਣੇ ਨਿਸ਼ਾਨੇ ਦੀ ਪੂਰਤੀ ਕਰਨੀ ਹੈ । ਅੰਤ ਵਿਚ ਮੈਂ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਸਮੇਂ ਸ਼ਹੀਦ ਹੋਏ ਸਮੂੰਹ ਸ਼ਹੀਦਾਂ, ਜਿਨ੍ਹਾਂ ਪੰਥ ਦੀ ਚੜ੍ਹਦੀ ਕਲਾ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਨੂੰ ਸ਼ਰਧਾ ਦੇ ਫੁੱਲ ਭੇਟਾ ਕਰਦਾ ਹੋਇਆ, ਪੰਜ ਸਿੰਘ ਸਾਹਿਬਾਨ ਵਲੋਂ ਦੀਵਾਲੀ ਦੇ ਮੌਕੇ ਤੇ ਸੱਚ-ਖੰਡ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਦਰਸ਼ਨ ਤੇ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਕਰਨ ਲਈ ਦੇਸ਼ ਦੇਸ਼ਾਂਤਰਾਂ ਤੋਂ ਪੁਜੇ ਖਾਲਸਾ ਜੀ ਨੂੰ 'ਜੀ ਆਇਆਂ' ਆਖਦਾ ਹਾਂ । ]ਗੁਰਮਤਿ ਪ੍ਰਕਾਸ਼, ਨਵੰਬਰ ੮੪

# ਸਿੰਘੋ ! ਸੰਭਲੋ, ਹੋਸ਼ ਕਰੋ !!

[ਵਲੋਂ—ਸ: ਜਤਿੰਦਰ ਪਾਲ ਸਿੰਘ ਜੀ, ਲੁਧਿਆਣਾ]

ਅੱਜ ਅਸੀਂ ਆਪਣੇ ਆਲੇ ਦੁਆਲੇ ਵੇਖੀਏ ਕਿ ਅਸੀਂ ਬਿਪਰਨ ਦੀ ਰੀਤ ਵਿਚ ਤਾਂ ਨਹੀਂ ਪੈ ਗਏ, ਕਿਉਂਕਿ ਖਾਲਸਈ ਚਰਿੱਤਰ ਤੇ ਸਰੂਪ ਦੋਹਾਂ ਨੂੰ ਢਾਅ ਲਗ ਰਹੀ ਹੈ ।

ਦੇਸ਼ ਦੇ ਸਮੁੱਚੇ ਸਮਾਜ ਵਿਚ **ਮਾਇਆ ਦੇ ਪਸਾਰੇ ਨਾਲ ਸ਼ਰਾਬ** ਆਉ-ਭਗਤ ਦੀ ਮੁਖ ਪੇਸ਼ਕਸ਼ ਬਣ ਗਈ ਹੈ । ਸਿਖ ਘਰਾਂ ਵਿਚ ਵੀ ਇਸ ਦੀ ਖਪਤ ਕਿਸੇ ਨਾਲੋਂ ਘੱਟ ਨਹੀਂ । ਚੰਗੇ ਚੰਗੇ ਘਰਾਣੇ, ਕੁਝ ਚਿਰ ਪਹਿਲਾਂ ਜਿਨ੍ਹਾ ਬਾਰੇ ਸਹੁੰ ਖਾਈਦੀ ਸੀ, ਵੀ ਸ਼ਰਾਬ ਦੇ ਰੰਗ ਵਿਚ ਰੰਗੇ ਗਏ ਹਨ । ਜਿਉਂ ਜਿਉਂ ਮਾਇਆ ਦੀ ਬਹੁਤਾਤ ਹੁੰਦੀ ਜਾ ਰਹੀ ਹੈ, ਕਲੱਬਾਂ ਤੇ ਉਚ ਪੱਧਰ ਦੇ ਸ਼ਰਾਬ-ਖ਼ਾਨਿਆਂ ਦੇ ਮੈਂਬਰ ਬਨਣ ਵਿਚ ਅਸੀਂ ਮਾਣ ਮਹਿਸੂਸ ਕਰਦੇ ਹਾਂ । ਸ਼ਰਾਬ ਦੇ ਪੈੱਗ ਸਿੱਖ ਬੀਬੀਆਂ ਵਲੋਂ ਵੀ ਸਵੀਕਾਰੇ ਤੇ ਪਿਆਰੇ ਜਾਣ ਲੱਗ ਪਏ ਹਨ । ਮਾਈ ਭਾਗੋ ਦੀਆਂ ਵਾਰਸਾਂ ਲਈ ਇਹ ਘੋਰ ਦੁਖ ਦੀ ਗੱਲ ਹੈ !

ਪਿਛਲੇ ਦਿਨਾਂ ਚੰਡੀਗੜ੍ਹ ਦੇ ਇਕ ਹੋਟਲ ਵਿਚ, ਹਰ ਸ਼ਨਿਚਰਵਾਰ ਰਾਤ ਨੂੰ (DINE-WINE-AND DANCE) "ਸ਼ਰਾਬ-ਖਾਣਾ-ਤੇ ਨਾਚ" ਪ੍ਰੋਗਰਾਮ ਦਾ ਇਸ਼ਤਿਹਾਰ ਅਖ਼ਬਾਰ ਵਿਚ ਪੜ੍ਹ ਕੇ ਦੁਖ ਹੋਇਆ ਤੇ ਸਮਾਜ ਵਿਚ ਆ ਰਹੀ ਗਿਰਾਵਟ ਦਾ ਪਤਾ ਲੱਗਿਆ । ਵਿਆਹ ਸ਼ਾਦੀਆਂ ਤੇ ਖੁਸ਼ੀ ਦੇ ਸਮਾਗਮ ਕਾਕਟੇਲ ਪਾਰਟੀ ਤੋਂ ਬਿਨਾਂ ਫਿਕੇ ਤੇ ਅਧੂਰੇ ਲੱਗਦੇ ਹਨ । ਸ਼ਰਾਬ ਨਾ ਪੀਣ ਵਾਲੇ ਨੂੰ ਹੀਣ ਭਾਵਨਾ ਨਾਲ ਵੇਖਿਆ ਜਾਂਦਾ ਹੈ ।

ਸਿੰਘੋ ! ਸੰਭਲੋ, ਹੋਸ਼ ਕਰੋ ਤੇ ਗੁਰੂ ਪਾਤਸ਼ਾਹ ਦਾ ਹੁਕਮ ਸੁਣੋ—

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥੧॥੧੬॥ (ਪੰਨਾ ੫੫੪)



www.AKJ.Org

[ਸਫ਼ਾ ੧੦ ਦੀ ਬਾਕੀ]

ਗੁਰੂ ਅਤੇ ਗੋਵਿੰਦ ਦੀ ਸਹੀ ਪਛਾਣ ਕਰ ਲੈਂਦਾ ਹੈ। ਤੇ ਫਿਰ ਸਹਜ ਦੇ ਘਰ ਵਿਚ ਅਪੜ ਕੇ ਉਹ ਗੁਰਸਿਖ ਆਪ ਭੀ ਪਿਰਮ-ਪਿਆਲਾ ਪੀ ਕੇ ਮਸਤਉਲ ਮਸਤ ਹੁੰਦਾ ਹੈ ਤੇ ਹੋਰਨਾਂ ਨੂੰ ਭੀ ਪਿਰਮ ਪਿਆਲੇ ਦੀ ਜਾਣਕਾਰੀ ਦਿੰਦਾ ਹੈ। ਇਉਂ ਗੁਰੂ ਤੇ ਚੇਲੇ ਵਿਚ ਫ਼ਰਕ ਨਹੀਂ ਰਹਿੰਦਾ। ਦਸਵੇਂ ਪਾਤਸ਼ਾਹ ਦੇ ਇਹਨਾਂ ਵਾਕਾਂ ਦੀ ਉਦੋਂ ਹੀ ਠੀਕ ਸਮਝ ਪੈਂਦੀ ਹੈ—

ਮੈਂ ਖਾਲਸੇ ਕੋ ਖਾਲਸਾ ਮੇਰੋ ॥ ਓਤ ਪੋਤ ਸਾਗਰ ਬੂੰਦੇਰੋ ॥

ਜਾਂ— ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸਾ ਦੇਵ ॥
ਪ੍ਰਭ ਮਹਿ ਮੋ ਮਹਿ ਤਾਸ ਮਹਿ, ਰੰਚਕ ਨਾਹੀ ਭੇਦ ॥

ਭਾਈ ਗੁਰਦਾਸ ਜੀ ਤੋਂ ਲਗ ਪਗ ੨੫੦ ਸਾਲ ਪਿਛੋਂ ਭਾਈ ਗੁਰਦਾਸ ਸਿੰਘ ਜੀ ਨੇ ਭੀ ੪੦ਵੀਂ ਵਾਰ ਵਿਚ ਇਸ ਵਿਸ਼ੇ ਤੇ ਦਸਵੇਂ ਪਾਤਸ਼ਾਹ ਦੀ ਮਹਿਮਾ ਵਿਚ ਇਉਂ ਲਿਖਿਆ—

ਵਹ ਪ੍ਰਗਟਿਓ ਮਰਦ ਅਗੰਮੜਾ, ਵਰਿਆਮ ਅਕੇਲਾ।
ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ।

ਇਥੇ ਸ੍ਰੀ ਗੁਰੂ ਗੋਬਿੰਦ ਜੀ ਦੇ 'ਆਪੇ ਗੁਰ ਚੇਲਾ' ਹੋਣ ਦੀ ਖ਼ੂਬੀ ਦਾ ਵਰਨਣ ਕੀਤਾ ਗਿਆ ਹੈ। ਪਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਇਹ ਪਤਾ ਲਗਦਾ ਹੈ ਕਿ ਇਹ 'ਗੁਰ ਚੇਲਾ, ਚੇਲਾ ਗੁਰ ਹੋਈ' ਦੀ ਪਰੰਪਰਾ ਧੁਰੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਬੰਨ੍ਹੀ ਸੀ ਅਤੇ ਨਿਰੰਤਰ ਹੁਣ ਤਕ ਇਹ ਰੀਤ ਚਲਦੀ ਆ ਰਹੀ ਹੈ। ਗੁਰੂ ਜੋਤਿ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਦੀਵਕਾਲ ਲਈ ਬਿਰਾਜਮਾਨ ਹੈ।

ਭਾਈ ਨੰਦ ਲਾਲ ਜੀ ਦਸਵੇਂ ਪਾਤਸ਼ਾਹ ਦੇ ਹਜ਼ੂਰੀ ਕਵੀ ਅਤੇ ਅਨਿੰਨ ਸਿਖ ਸੇਵਕ ਸਨ। ਜਦੋਂ ਉਹਨਾਂ ਨੂੰ ਜੋਤਿ ਦੇ ਦਰਸ਼ਨ ਹੋਏ ਤਾਂ ਉਹ ਅੰਤਰ-ਆਤਮੇ ਝੂਮ ਉਠੇ। ਉਨ੍ਹਾਂ ਨੇ ਆਪਣੀ ਸੁੰਦਰ ਰਚਨਾ 'ਜੋਤਿ ਬਿਗਾਸ' ਵਿਚ ਇਸ ਏਕਤਾ ਨੂੰ ਇਉਂ ਅੰਕਿਤ ਕੀਤਾ :—

| | |
|---|---|
| ਹਮੂੰ ਨਾਨਕ ਅਸਤ, ਹਮੂੰ ਅੰਗਦ ਅਸਤ ॥ | (ਉਹ ਨਿਰੰਕਾਰ ਆਪ ਹੀ ਨਾਨਕ ਦੇਵ ਜੀ ਹਨ, ਉਹ (ਹੀ ਅੰਗਦ ਦੇਵ ਜੀ ਹਨ। |
| ਹਮੂ ਅਮਰਦਾਸ੍ਰ ਅਫ਼ਜ਼ਲੋ ਅਮਜਦ ਅਸਤ ॥੨੩॥ | (ਉਹ ਹੀ ਅਮਰਦਾਸ ਜੀ ਬਜ਼ੁਰਗ ਹਨ। |
| ਹਮੂ ਰਾਮਦਾਸੋ ਹਮੂੰ ਅਰਜਨ ਅਸਤ ॥ | (ਉਹ ਹੀ ਰਾਮਦਾਸ ਜੀ ਹਨ ਤੇ ਉਹ ਆਪ ਹੀ (ਅਰਜਨ ਦੇਵ ਜੀ ਹਨ। |
| ਹਮੂ ਹਰਿਗੋਬਿੰਦ ਅਕ੍ਰਮੋ ਅਹਸਨ ਅਸਤ ॥੨੪॥ | (ਉਹ ਨਿਰੰਕਾਰ ਆਪ ਹੀ ਹਰਿਗੋਬਿੰਦ ਹਨ, ਜੋ (ਨੇਕ, ਬਖਸ਼ਿੰਦ ਤੇ ਦਿਆਲੂ ਹਨ। |
| ਹਮੂ ਅਸਤ ਹਰਿ ਰਾਇ ਕਰਤਾ ਗੁਰੂ ॥<br>ਬਦੋ ਆਸ਼ਕਾਰਾ ਹਮਹ ਪੁਸ਼ਤੋ ਰੂ ॥੨੫। | (ਉਹ ਨਿਰੰਕਾਰ ਹੀ ਕਰਤਾ ਰੂਪ ਹਰਿਰਾਇ ਹਨ, ਜੋ (ਜ਼ਾਹਰ ਜ਼ਹੂਰ ਹਨ ਤੇ ਆਤਮਾ ਨੂੰ ਸਹਾਰਾ ਦੇਣ ਵਾਲੇ ਹਨ। |
| ਹਮੂ ਹਰਿ ਕ੍ਰਿਸ਼ਨ ਆਮਦਹ ਸਰ ਬੁਲੰਦ ॥<br>ਅਜ਼ੋ ਹਾਸਿਲ ਉਮੀਦ ਹਰ ਮੁਸਤਮੰਦ ॥੨੬॥ | (ਉਹ ਆਪ ਹੀ ਉਚੇ ਮਰਤਬੇ ਵਾਲੇ ਹਰਿ ਕ੍ਰਿਸ਼ਨ ਜੀ (ਹਨ, ਜਿਨ੍ਹਾਂ ਤੋਂ ਹਰ ਦੁਖੀਏ ਦੀ ਆਸ ਪੂਰੀ ਹੁੰਦੀ ਹੈ। |
| ਹਮੂ ਹਸਤ ਤੇਗੇ ਬਹਾਦਰ ਗੁਰੂ ॥<br>ਕਿ ਗੋਬਿੰਦ ਸਿੰਘ ਆਮਦ ਅਜ਼ ਨੂਰੇ ਊ ॥੨੭॥ | (ਉਹ ਨਿਰੰਕਾਰ ਆਪ ਹੀ ਤੇਗ ਬਹਾਦਰ ਜੀ ਹਨ, ਜਿਨ੍ਹਾਂ (ਦੇ ਨੂਰ ਤੋਂ ਗੁਰੂ ਗੋਬਿੰਦ ਸਿੰਘ ਪਰਗਟ ਹੋਏ। |
| ਹਮੂ ਗੁਰ ਗੋਬਿੰਦ ਸਿੰਘ, ਹਮੂ ਨਾਨਕ ਅਸਤ ॥<br>ਹਮਹ ਸ਼ਬਦੇ ਊ ਜੋਹਰੋ ਮਾਨਕ ਅਸਤ ॥੨੮॥ | (ਗੁਰੂ ਗੋਬਿੰਦ ਸਿੰਘ ਭੀ ਉਹ ਹੀ ਹਨ, ਤੇ ਗੁਰੂ ਨਾਨਕ (ਦੇਵ ਭੀ ਉਹ ਆਪ ਹੀ ਹਨ। ਉਹ ਸ਼ਬਦ ਰੂਪ ਹੋ ਕੇ (ਆਪ ਹੀ ਰਤਨ ਤੇ ਮਾਣਕ ਮੋਤੀ ਹਨ। |

www.AKJ.Org

# ਲਹੂ ਲੁਹਾਨ ਪੰਜਾਬ

ਪੰਜਾਬ ਦੀ ਧਰਤੀ ਕਈ ਵਾਰ ਲਹੂ ਨਾਲ ਭਿੱਜੀ ਤੇ ਕਈ ਵਾਰ ਸੁੱਕੀ। ਜਦੋਂ ਤੋਂ ਇਤਿਹਾਸ ਬਣਿਆ ਹੈ, ਉਸ ਵਕਤ ਤੋਂ ਹੀ ਇਕ ਸਦੀ ਵਿਚ ਤਿੰਨ ਵਾਰ ਇਸ ਦੀ ਜ਼ਮੀਨ ਜ਼ਰੂਰ ਖ਼ੂਨ ਨਾਲ ਰੰਗੀ ਹੁੰਦੀ ਹੈ। ਜਦੋਂ ਵੀ ਕਿਸੇ ਨੇ ਹਿੰਦੋਸਤਾਨ ਉਤੇ ਹਮਲਾ ਕੀਤਾ ਹੈ ਉਹ ਆਮ ਕਰਕੇ ਪੱਛਮ ਵਲੋਂ ਹੀ ਆਇਆ ਹੈ, ਤੇ ਸਵਾਏ ਅੰਗਰੇਜ਼ਾਂ ਦੇ, ਤੇ ਉਹ ਪੰਜਾਬ ਨੂੰ ਖ਼ੂਨ ਨਾਲ ਰੰਗਦਾ ਹੋਇਆ ਦਿੱਲੀ ਦੇ ਤਖ਼ਤ ਉਤੇ ਜਾ ਬਰਾਜਿਆ। ਦਿੱਲੀ ਦੇ ਨੇੜੇ ਤੇੜੇ ਹਮੇਸ਼ਾ ਹਿੰਦੋਸਤਾਨ ਦੀ ਅਖੀਰਲੀ ਲੜਾਈ ਹੀ ਹੋਈ ਹੈ, ਕੋਈ ਵੀ ਜੇਤੂ ਜਰਨੈਲ ਪੰਜਾਬ ਜਿੱਤ ਕੇ ਦਿੱਲੀ ਤੋਂ ਕਦੀ ਹਾਰ ਕੇ ਵਾਪਸ ਨਹੀਂ ਆਇਆ ਸੀ। ਅੰਗਰੇਜ਼ ਭਾਵੇਂ ਸਮੁੰਦਰ ਦੇ ਰਸਤੇ ਆਇਆ ਸੀ ਤੇ ਉਸ ਦਾ ਸਭ ਤੋਂ ਅਖ਼ੀਰ ਉਤੇ ਪੰਜਾਬ ਵਿਚ ਰਾਜ ਹੋਇਆ ਸੀ, ਪਰ ਅੰਗਰੇਜ਼ ਦੇ ਵਿਰੁਧ ਸ਼ਾਂਤਮਈ ਖ਼ੂਨੀ ਲੜਾਈ ਵੀ ਪੰਜਾਬ ਦੀ ਧਰਤੀ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ ਹੋਈ ਸੀ, ਜਿਸ ਵਿਚ ਸੈਂਕੜੇ ਨਿਰਦੋਸ਼ ਗੋਲੀ ਦਾ ਸ਼ਿਕਾਰ ਬਣਾਏ ਗਏ। ਇਸ ਪੰਜਾਬ ਦੀ ਧਰਤੀ ਉਤੇ ਨਨਕਾਣਾ ਸਾਹਿਬ ਤੇ ਜੈਤੋ ਦੇ ਗੋਲੀ ਕਾਂਡ ਵਾਪਰੇ ਤੇ ਪਹਿਲੀ ਵਾਰ ਗੁਰਦੁਆਰਾ ਸੁਧਾਰ ਲਹਿਰ ਵਿਚ ਉਸ ਅੰਗਰੇਜ਼ ਸਾਮਰਾਜ ਨੂੰ ਹਾਰ ਹੋਈ, ਜਿਸ ਦੇ ਰਾਜ ਵਿਚ ਕਹਿਆ ਜਾਂਦਾ ਸੀ ਕਿ ਸੂਰਜ ਨਹੀਂ ਡੁਬਦਾ। ਇਸ ਜਿੱਤ ਨੂੰ ਹੀ ਅੱਜ ਦੇ ਹਾਕਮਾਂ ਦੇ ਬਾਪੂ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਆਜ਼ਾਦੀ ਦੀ ਪਹਿਲੀ ਜੰਗ ਜਿੱਤੀ ਗਈ।

ਆਜ਼ਾਦੀ ਵੇਲੇ ਵੀ ਸਭ ਤੋਂ ਜ਼ਿਆਦਾ ਖ਼ੂਨ ਪੰਜਾਬ ਵਿਚ ਹੀ ਡੁਲ੍ਹਿਆ। ਰਾਜਸੀ ਸ਼ਕਤੀ ਹਥਿਆਉਣ ਲਈ ਦੋ ਕੌਮਾਂ ਵਿਚ ਲੜਾਈ ਹੋਈ ਤੇ ਲੱਖਾਂ ਜਾਨਾਂ ਦਾ ਖ਼ੂਨ ਇਸ ਧਰਤੀ ਉਤੇ ਡੁਲ੍ਹਿਆ। ਮੁਸਲਮਾਨ ਕੌਮ ਬਹੁ-ਗਿਣਤੀ ਦੇ ਨਾਤੇ ਪੰਜਾਬ ਉਤੇ ਆਪਣਾ ਹੱਕ ਜਮਾਉਂਦੀ ਸੀ ਤੇ ਸਿੱਖ ਦਾ ਪੰਜਾਬ ਆਪਣਾ ਘਰ ਹੋਣ ਦੇ ਨਾਤੇ ਉਹ ਇਥੇ, ਆਪਣੀ ਰਾਜਸੀ ਸ਼ਕਤੀ ਚਾਹੁੰਦੇ ਸਨ। ਪਰ ਅੰਗਰੇਜ਼ ਨੇ ਬਹੁ-ਗਿਣਤੀ ਦਾ ਹੀ ਅਸੂਲ ਮੰਨਿਆ। ਮੁਸਲਮਾਨ ਪੰਜਾਬ ਵਿਚੋਂ ਆਪਣਾ ਹਿੱਸਾ ਵੰਡਾ ਕੇ ਲੈ ਗਏ। ਸਿੱਖਾਂ ਦੀ ਕਿਧਰੇ ਵੀ ਬਹੁ-ਗਿਣਤੀ ਨਹੀਂ ਸੀ। ਜਿਥੇ ਹਿੰਦੂ ਸਿੱਖ ਮਿਲਾ ਕੇ ਬਹੁ-ਗਿਣਤੀ ਬਣਦੇ ਸਨ ਉਹ ਇਲਾਕਾ ਹਿੰਦੋਸਤਾਨ ਵਿਚ ਰਹਿ ਗਇਆ। ਇਸ ਇਲਾਕੇ ਨੂੰ ਹਿੰਦੋਸਤਾਨ ਵਿਚ ਰੱਖਣ ਵਾਲ਼ਿਆਂ ਦੀ ਏਥੇ ਵੀ ਬਹੁ-ਗਿਣਤੀ ਨਹੀਂ ਸੀ। ਇਸ ਕਰਕੇ ਇਥੇ ਵੀ ਸਿੱਖਾਂ ਦੇ ਹੱਥ ਕੁਝ ਨਾ ਆਇਆ।

ਹਰਿਆਣੇ ਦਾ ਇਲਾਕਾ ਤੇ ਪੰਜਾਬੀ ਬੋਲਣ ਵਾਲਾ ਸੀ ਹੀ ਨਹੀਂ, ਇਸ ਨੂੰ ਅੰਗਰੇਜ਼ ਨੇ ਪੰਜਾਬ ਨਾਲ ਟਾਂਕਿਆ ਹੋਇਆ ਸੀ। ਜਦੋਂ ਹਰਿਆਣਾ ਪੰਜਾਬ ਨਾਲੋਂ ਵੱਖ ਕੀਤਾ ਗਿਆ ਤਾਂ ਪੰਜਾਬੀ ਸਭਿਅਤਾ, ਸੰਸਕ੍ਰਿਤੀ ਤੇ ਬੋਲੀ ਦੇ ਮਾਲਕ ਸਿੱਖ ਘਟ-ਗਿਣਤੀ ਦੀ ਥਾਂ ਬਹੁ-ਗਿਣਤੀ ਵਿਚ ਹੋ ਗਏ। ਹਰ ਇਕ ਥਾਂ ਦੀ ਸਭਿਅਤਾ ਤੇ ਸੰਸਕ੍ਰਿਤੀ ਉਸ ਦੀ ਬੋਲੀ ਨਾਲ ਸੰਬੰਧਿਤ ਹੁੰਦੇ ਹਨ। ਜੋ ਕਿਸੇ ਥਾਂ ਦੀ ਬੋਲੀ ਨਹੀਂ ਅਪਨਾ ਸਕਦਾ, ਉਹ ਉਸ ਥਾਂ ਦੀ ਸਭਿਅਤਾ ਤੇ ਸੰਸਕ੍ਰਿਤੀ ਵਿਚ ਵੀ ਨਹੀਂ ਸਮੋ ਸਕਦਾ। ਠੀਕ ਏਹੋ ਹਾਲ ਸਾਡੇ ਪੰਜਾਬੀ ਹਿੰਦੂਆਂ ਦਾ ਹੈ ਜਿਨ੍ਹਾਂ ਕਿ ਪੁਸ਼ਤ-ਦਰ-ਪੁਸ਼ਤ ਪੰਜਾਬ ਵਿਚ ਜਮ ਪਲ ਕੇ ਵੀ ਫ਼ਿਰਕਾ-ਪ੍ਰਸਤੀ ਦੀ ਅੱਗ ਵਿਚ ਅੰਨ੍ਹਿਆਂ ਹੋਇਆਂ ਨੇ ਆਪਣੀ ਮਾਂ-ਬੋਲੀ ਪੰਜਾਬੀ ਤੋਂ ਵੀ ਕਿਨਾਰਾ-ਕਸ਼ੀ ਕਰਨੀ ਸ਼ੁਰੂ ਕਰ ਦਿੱਤੀ, ਕਿਉਂਕਿ ਇਸ ਬੋਲੀ ਨਾਲ ਸਿੱਖ ਧਰਮ ਤੇ ਸਿੱਖ ਸਭਿਆਚਾਰ ਦਾ ਡੂੰਘਾ ਸੰਬੰਧ ਹੈ।

ਜਦੋਂ ਇਸ ਬੋਲੀ ਨੂੰ ਪੰਜਾਬ ਦੀ ਉਤਮ ਬੋਲੀ ਮੰਨ ਕੇ, ਪੰਜਾਬ ਦਾ ਪੁਨਰ ਗਠਨ ਕਰਕੇ ਪੰਜਾਬੀ ਸੂਬਾ ਹੋਂਦ ਵਿਚ ਲਿਆਂਦਾ ਗਿਆ ਤਾਂ ਫਿਰਕਾ ਪ੍ਰਸਤ ਹਿੰਦੂ ਆਪਣੀ ਬਹੁ-ਗਿਣਤੀ ਨੂੰ ਘਟ ਗਿਣਤੀ ਵਿਚ ਬਦਲਣਾ ਬਰਦਾਸ਼ਤ ਨਾ ਕਰ ਸਕਿਆ। ਇਸੇ ਕਰਕੇ ਜਦੋਂ ਪੰਜਾਬੀ ਸੂਬਾ ਹੋਂਦ ਵਿਚ ਆਇਆ ਤਾਂ ਇਨ੍ਹਾਂ ਫ਼ਿਰਕਾ-ਪ੍ਰਸਤਾਂ ਨੇ ਥਾਂ ਥਾਂ ਅੱਗਾਂ ਲਗਾਈਆਂ ਤੇ ਫ਼ਿਰਕੂ ਦੰਗੇ ਖੜੇ ਕਰਨ ਦੀ ਕੋਸ਼ਿਸ਼ ਕੀਤੀ। ਇਹ ਪੰਜਾਬ ਦੀ ਬਦ-ਕਿਸਮਤੀ



www.AKJ.Org

ਸਮਝੋ ਕਿ ਜਦੋਂ ਬਾਕੀ ਦੇਸ਼ ਵਿਚ ਉਸ ਥਾਂ ਦੀ ਸਥਾਨਿਕ ਬੋਲੀ ਦੇ ਅਧਾਰ ਉਤੇ ਕਿਸੇ ਸੂਬੇ ਦਾ ਪੁਨਰ ਗਠਨ ਕੀਤਾ ਗਿਆ ਤਾਂ ਲੋਕਾਂ ਨੇ ਜਸ਼ਨ ਮਨਾਏ ਤੇ ਮਿਠਾਈਆਂ ਵੰਡੀਆਂ, ਪਰ ਪੰਜਾਬ ਵਿਚ ਉਸ ਦਿਨ ਕਲੇਸ਼ ਪੈ ਗਿਆ। ਖ਼ੈਰ ?

ਮੌਜੂਦਾ ਪੰਜਾਬ ਵਿਚ ਹੋ ਰਹੀ ਖ਼ੂਨੀ ਬਾਰਸ਼ ਦੀ ਹਨੇਰੀ ਦੀ ਬਿਜਲੀ ੧੩ ਅਪ੍ਰੈਲ ੧੯੭੮ ਨੂੰ ਲਿਸ਼ਕੀ, ਜਦੋਂ ਕਿ ਆਪਣੇ-ਸ਼ਬਦ ਗੁਰੂ——ਗੁਰੂ ਗ੍ਰੰਥ ਸਾਹਿਬ ਦੀ ਬੇਇਜ਼ਤੀ ਨਾ ਬਰਦਾਸ਼ਤ ਕਰਦੇ ਹੋਏ ੧੩ ਸਿੰਘ ਸ਼ਹੀਦੀ ਪਾ ਗਏ। ਪੰਜਾਬ ਵਿਚ ਚੁਮਾਸੇ ਦਾ ਹੁੰਮਸ ਉਸ ਦਿਨ ਮਹਿਸੂਸ ਹੋਇਆ ਜਿਸ ਦਿਨ ਸਿੰਘਾਂ ਦੇ ਕਾਤਲ ਤੇ ਗੁਰੂ-ਸ਼ਬਦ ਦੇ ਨਿੰਦਕ ਅਦਾਲਤ ਵਿਚੋਂ ਬਰੀ ਹੋ ਗਏ। ਭਾਵੇਂ ਇਹ ਅਦਾਲਤ ਵਿਚੋਂ ਬਰੀ ਹੋ ਗਏ ਸਨ ਪਰ ਸਿੰਘਾਂ ਦੀਆਂ ਨਜ਼ਰਾਂ ਵਿਚੋਂ ਤੇ ਉਹ ਬਰੀ ਨਹੀਂ ਹੋਏ ਸਨ, ਉਨ੍ਹਾਂ ਲਈ ਤੇ ਉਹ ਆਪਣੇ ਭਰਾਵਾਂ ਦੇ ਕਾਤਲ ਹੀ ਸਨ। ਆਪਣੇ ਭਰਾਵਾਂ ਦੇ ਕਾਤਲਾਂ ਦੇ ਘਰ ਖੁਸ਼ੀ ਦੇ ਦੀਵੇ ਬਲਦੇ ਵੇਖਣੇ ਬੜੇ ਮੁਸ਼ਕਲ ਹਨ। ਜਦੋਂ ਨਕਲੀ ਨਿਰੰਕਾਰੀਆਂ ਤੇ ਉਨ੍ਹਾਂ ਦੇ ਗੁਰੂ ਗੁਰਬਚਨ ਸਿੰਘ ਨੇ ਆਪਣੀ ਰਿਹਾਈ ਦੀ ਖੁਸ਼ੀ ਵਿਚ ਆਪਣੇ ਚੇਲਿਆਂ ਕੋਲੋਂ ਥਾਂ ਥਾਂ ਦੀਪਮਾਲਾ ਕਰਵਾਈਆਂ ਤੇ ਇਨ੍ਹਾਂ ਨੇ ਖੁਸ਼ੀ ਵਿਚ ਲਡੂ ਵੰਡੇ, ਸਿੰਘਾਂ ਦੇ ਦਿਲਾਂ ਵਿਚ ਬਦਲੇ ਦੀ ਅੱਗ ਭੜਕ ਉਠੀ ਤੇ ਇਸ ਭੜਕੀ ਹੋਈ ਅੱਗ ਉਤੇ ਤੇਲ ਉਸ ਵਕਤ ਪੈ ਗਿਆ ਜਦੋਂ ੧੯੮੦ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਸਾਰੇ ਕਾਂਗਰਸੀ ਸਿੱਖ ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ, ਦਰਬਾਰਾ ਸਿੰਘਾਂ ਆਦਿ ਨਿਰੰਕਾਰੀ ਗੁਰੂ, ਗੁਰਬਚਨ ਸਿੰਘ ਦੇ ਘਰ ਦਿੱਲੀ ਧੰਨਵਾਦ ਕਰਨ ਗਏ ਕਿ ਉਨ੍ਹਾਂ ਨੇ ਕਾਂਗਰਸ ਨੂੰ ਵੋਟ ਪਾ ਕੇ ਉਨ੍ਹਾਂ ਨੂੰ ਜਤਾਇਆ ਹੈ। ੧੯੮੦ ਦੀਆਂ ਚੋਣਾਂ ਵਿਚ ਸਾਰੇ ਨਿਰੰਕਾਰੀਆਂ ਨੇ ਕਾਂਗਰਸ ਨੂੰ ਵੋਟ ਪਾਏ ਸਨ।

ਜਦੋਂ ਬਦਲੇ ਦੀ ਅੱਗ ਵਿਚ ਖ਼ੂਨ ਉਬਲ ਰਿਹਾ ਸੀ ਤਾਂ ਇਸਦੀ ਭਾਫ਼ ਦੇ ਬੱਦਲਾਂ ਵਿਚੋਂ ਖ਼ੂਨੀ ਛਿਟੇ ਡਿਗਣੇ ਹੀ ਸਨ। ਪਹਿਲਾ ਖ਼ੂਨ ਨਿਰੰਕਾਰੀ ਗੁਰੂ ਗੁਰਬਚਨ ਸਿੰਘ ਦਾ ਹੋਇਆ। ਇਸ ਕਤਲ ਦਾ ਜਿਨ੍ਹਾਂ ਸਿੰਘਾਂ ਉਤੇ ਇਲਜ਼ਾਮ ਲਗਾ ਉਹ ਕਾਨੂੰਨ ਦੀ ਨਜ਼ਰ ਵਿਚ ਦੋਸ਼ੀ ਸਨ, ਪਰ ਸਿੱਖ ਸੰਗਤਾਂ ਦੇ ਉਹ ਹੀਰੋ ਬਣ ਗਏ। ਇਨ੍ਹਾਂ ਕਤਲਾਂ ਦਾ ਮੁਢਲਾ ਇਲਜ਼ਾਮ ਤੇ ਸਰਦਾਰ ਰਣਜੀਤ ਸਿੰਘ, ਸਰਦਾਰ ਧਿਆਨ ਸਿੰਘ ਤੇ ਸਰਦਾਰ ਕਾਬਲ ਸਿੰਘ ਉਤੇ ਲਗਾਇਆ ਗਿਆ। ਇਹ ਤਿੰਨੇ ਤੇ ਕਾਬੂ ਨਾ ਆਏ, ਪਰ ਇਨ੍ਹਾਂ ਨਾਲ ਸੰਬੰਧਿਤ ਦੋਸਤਾਂ ਮਿਤਰਾਂ ਨੂੰ ਫੜ ਲਿਆ ਗਿਆ। ਜਦੋਂ ਇਨ੍ਹਾਂ ਨੂੰ ਭੁਗਤਾਉਣ ਵਾਸਤੇ ਪੁਲਿਸ ਇਨ੍ਹਾਂ ਨੂੰ ਕਚਹਿਰੀ ਲੈ ਕੇ ਆਈ ਤਾਂ ਲੋਕਾਂ ਨੇ ਇਨ੍ਹਾਂ ਨੂੰ ਸਿਰ ਉਤੇ ਚੁੱਕ ਲਿਆ। ਸਰਦਾਰ ਰਣਜੀਤ ਸਿੰਘ ਉਤੇ ਇਸ ਕਤਲ ਦਾ ਮੁਖ ਇਲਜ਼ਾਮ ਹੋਣ ਕਰਕੇ ਉਹ ਸਿੱਖਾਂ ਦੀ ਸ਼ਰਧਾ ਦਾ ਮੁਖ ਪਾਤਰ ਬਣ ਗਿਆ ਤੇ ਸੰਤ ਜਰਨੈਲ ਸਿੰਘ ਜੀ ਨੇ ਸਿਧਾ ਹੀ ਮੰਜੀ ਸਾਹਿਬ ਦੀਵਾਨ ਅਸਥਾਨ ਤੋਂ ਐਲਾਨ ਕਰ ਦਿਤਾ ਕਿ ਜੇ ਮੈਨੂੰ ਰਣਜੀਤ ਸਿੰਘ ਮਿਲ ਜਾਵੇ ਤਾਂ ਮੈਂ ਉਸਨੂੰ ਸੋਨੇ ਨਾਲ ਤੋਲਾਂਗਾ ਤੇ ਕਈਆਂ ਬੀਬੀਆਂ ਨੇ ਸੰਤਾਂ ਨੂੰ ਆਪਣੇ ਜ਼ੇਵਰ ਲਾਹ ਕੇ ਰਣਜੀਤ ਸਿੰਘ ਨੂੰ ਤੋਲਣ ਵਾਸਤੇ ਵੀ ਦਿੱਤੇ ਸਨ।

ਇਸੇ ਤਰ੍ਹਾਂ ਕੁਝ ਹੋਰ ਨਿਰੰਕਾਰੀਆਂ ਦੇ ਕਤਲ ਹੋਏ ਜੋ ਕਿ ਅੰਮ੍ਰਿਤਸਰ ਵਿਸਾਖੀ ੧੯੭੮ ਨੂੰ ਹੋਏ ਗੋਲੀ ਕਾਂਡ ਨਾਲ ਸੰਬੰਧਿਤ ਸਨ।......ਫਿਰ ਲਾਲਾ ਜਗਤ ਨਰੈਣ ਹਿੰਦ ਸਮਾਚਾਰ ਵਾਲੇ ਦਾ ਕਤਲ ਹੋ ਗਿਆ। ਇਸ ਕਤਲ ਤੋਂ ਕੁਝ ਦਿਨ ਪਹਿਲਾਂ ਸੰਤਾਂ ਨੇ ਪਟਿਆਲੇ ਆਪਣੇ ਲੈਕਚਰ ਵਿਚ ਕਿਹਾ ਸੀ ਕਿ ਲਾਲਾ ਵੀ ਸੋਧਣ ਜੋਗਾ ਹੈ। ਲਾਲਾ ਜਗਤ ਨਰੈਣ ਨੇ ਵੀ ਨਿਰੰਕਾਰੀ ਮਸਲੇ ਵੇਲੇ ਨਿਰੰਕਾਰੀਆਂ ਦੀ ਪੂਰੀ ਮਦਦ ਕੀਤੀ ਸੀ ਤੇ ਸਿੱਖਾਂ ਦੀ ਡਟ ਕੇ ਵਿਰੋਧਤਾ ਕੀਤੀ ਸੀ। ੧੯੭੮ ਦੀ ਵਿਸਾਖੀ ਨੂੰ ਜਦੋਂ ਸਿੰਘ ਕਤਲ ਹੋਏ ਸਨ ਤੇ ਉਸ ਤੋਂ ਬਾਅਦ ਲਾਲਾ ਜਗਤ ਨਰੈਣ ਉਨ੍ਹਾਂ ਦੇ ਸਮਾਗਮ ਵਿਚ ਬੋਲ ਕੇ ਵੀ ਗਏ ਸਨ। ਲਾਲਾ ਜੀ ਇਥੋਂ ਤਕ ਚਲੇ ਗਏ ਸਨ ਕਿ ਉਨ੍ਹਾਂ ਇਕ ਵਾਰ ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀਆਂ ਵਿਰੁਧ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਵੀ ਕੁਫ਼ਰ-ਨਾਮਾ ਲਿਖ ਦਿਤਾ ਸੀ। ਇਸਤੋਂ ਪਹਿਲਾਂ ਵੀ ਲਾਲਾ ਜਗਤ ਨਰੈਣ ਪੰਥ-ਵਿਰੋਧੀ ਧਾਰਨਾ ਦੇ ਧਾਰਨੀ ਗਿਣੇ ਜਾਂਦੇ ਸਨ।



www.AKJ.Org

ਲਾਲਾ ਜੀ ਦੇ ਕਤਲ ਦਾ ਇਲਜ਼ਾਮ ਸੰਤ ਜਰਨੈਲ ਸਿੰਘ ਹੋਰਾਂ ਉਤੇ ਲਗਾ। ਇਸ ਇਲਜ਼ਾਮ ਵਿਚ ਜਿਸ ਦਿਨ ਸੰਤਾਂ ਨੇ ਗ੍ਰਿਫਤਾਰੀ ਦਿਤੀ, ਉਸ ਦਿਨ ੧੭ ਸਿੰਘ ਹੋਰ ਪੁਲਿਸ ਦੀ ਗੋਲੀ ਨਾਲ ਚੜ੍ਹਾਈ ਕਰ ਗਏ। ਇਸ ਦਿਨ ਇਕ ਅਚੰਭੇ ਵਾਲੀ ਗੱਲ ਹੋਈ ਕਿ ਜਥੇਦਾਰ ਸੰਤੋਖ ਸਿੰਘ ਦਿੱਲੀ ਵਾਲੇ, ਜੋ ਉਸ ਵਕਤ ਇੰਦਰਾ ਗਾਂਧੀ ਦੇ ਖਾਸ ਬੰਦਿਆਂ ਵਿਚੋਂ ਗਿਣੇ ਜਾਂਦੇ ਸਨ, ਉਨ੍ਹਾਂ ਨੇ ਸਭ ਤੋਂ ਤੇਜ਼ ਲੈਕਚਰ ਦਿਤਾ ਤੇ ਕਈਆਂ ਦੇ ਕਹਿਣ ਅਨੁਸਾਰ ਉਨ੍ਹਾਂ ਨੇ ਮੁੰਡਿਆਂ ਨੂੰ ਹੱਲਾ ਸ਼ੇਰੀ ਦੇ ਕੇ ਪੁਲਿਸ ਦੇ ਗਲ ਪਵਾਇਆ। ਦੂਜੀ ਗੱਲ ਸਮਝ ਵਿਚ ਨਹੀਂ ਆਉਂਦੀ ਕਿ ਜਦੋਂ ਸੰਤ ਗ੍ਰਿਫਤਾਰੀ ਦੇ ਚੁੱਕੇ ਸਨ ਤਾਂ ਪੁਲਿਸ ਉਥੇ ਉਸੇ ਤਰ੍ਹਾਂ ਕਿਉਂ ਤਾਇਨਾਤ ਰੱਖੀ ਗਈ। ਖੈਰ !

ਕਈ ਨਿਰੰਕਾਰੀ ਮਾਰੇ ਗਏ, ਜਿਨ੍ਹਾਂ ਵਿਚ ਕੇਸਾਂ ਵਾਲੇ ਤੇ ਮੋਨੇ ਦੋਨੋਂ ਸ਼ਾਮਿਲ ਸਨ, ਪਰ ਬਹੁ-ਗਿਣਤੀ ਕੇਸਾਂ ਵਾਲਿਆਂ ਦੀ ਹੀ ਸੀ, ਜਿਸ ਕਰਕੇ ਸਮੁੱਚੇ ਦੇਸ਼ ਵਿਚ ਇਸਦਾ ਕੋਈ ਤਿਖਾ ਪ੍ਰਤੀਕਰਮ ਨਾ ਹੋਇਆ। ਪਰ ਲਾਲਾ ਜਗਤ ਨਰੈਣ ਦੇ ਕਤਲ ਦਾ ਰੌਲਾ ਸਾਰੇ ਦੇਸ਼ ਵਿਚ ਪਇਆ। ਇਸਦਾ ਕਾਰਨ ਇਕ ਤੇ ਇਹ ਸੀ ਕਿ ਲਾਲਾ ਜੀ ਪ੍ਰਸਿੱਧ ਪੱਤਰਕਾਰ ਸਨ ਤੇ ਦੂਜਾ ਉਹ ਕੱਟੜ ਹਿੰਦੂ ਸਨ। ਇਸਤੋਂ ਬਾਅਦ ਜਿਨ੍ਹਾਂ ਸਿੰਘਾਂ ਉਤੇ ਇਸਦਾ ਇਲਜ਼ਾਮ ਲਗਾਇਆ ਗਿਆ, ਉਨ੍ਹਾਂ ਦੇ ਘਰ ਕੋਠੇ ਢਾਹ ਦਿੱਤੇ ਗਏ। ਉਨ੍ਹਾਂ ਦੀਆਂ ਸਿੰਘਣੀਆਂ ਤੇ ਬੱਚੇ ਪੁਲੀਸ ਨੇ ਕੋਈ ਦੋ ਦੋ ਮਹੀਨੇ ਆਪਣੀ ਹਿਰਾਸਤ ਵਿਚ ਰੱਖੇ। ਕਈ ਕਥਿਤ ਦੋਸ਼ੀਆਂ ਨੂੰ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਗੋਲੀਆਂ ਨਾਲ ਮਾਰ ਦਿਤਾ ਗਿਆ। ਇਸ ਤੋਂ ਬਾਅਦ ਕੁਝ ਹਿੰਦੂ ਕਤਲ ਹੋਏ। ਅਖਬਾਰਾਂ ਵਾਲਿਆਂ ਤੇ ਸਰਕਾਰ ਨੇ ਇਨ੍ਹਾਂ ਸਾਰਿਆਂ ਨੂੰ ਕਤਲ ਕਰਵਾਉਣ ਦੀ ਜ਼ਿੰਮੇਵਾਰੀ ਸੰਤ ਜਰਨੈਲ ਸਿੰਘ ਉਤੇ ਪਾਈ। ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼ਰੋਮਣੀ ਅਕਾਲੀ ਦਲ ਨੇ ਕਿਹਾ ਕਿ ਸਰਕਾਰ ਸੁਪਰੀਮ ਕੋਰਟ ਦਾ ਕੋਈ ਜੱਜ ਮੁਕੱਰਰ ਕਰ ਦੇਵੇ ਤਾਂ ਅਸੀਂ ਸਿੱਧ ਕਰ ਸਕਦੇ ਹਾਂ ਕਿ ਇਨ੍ਹਾਂ ਕਤਲਾਂ ਵਿਚ ਸਰਕਾਰ ਦਾ ਹੱਥ ਹੈ। ਪਰ ਸੰਤਾਂ ਦੀ ਇਸ ਤਜਵੀਜ਼ ਉਤੇ ਸਰਕਾਰ ਨੇ ਗ਼ੌਰ ਹੀ ਨਾ ਕੀਤਾ। ਖੈਰ !

ਹਰਿਆਣੇ ਦੇ ਹੋਏ ਫ਼ਸਾਦਾਂ ਤੋਂ ਬਾਅਦ ਜਿਥੇ ਕਿ ਹਿੰਦੂਆਂ ਦੇ ਹਜੂਮਾਂ ਨੇ ਇਕੱਠਿਆਂ ਹੋ ਕੇ ਸਿੱਖਾਂ ਉਤੇ ਹਮਲੇ ਕੀਤੇ, ਇਕੱਲੇ ਪਾਣੀਪਤ ਵਿਚ ਹੀ ੬ ਗੁਰਦੁਆਰੇ ਸਾੜ ਦਿੱਤੇ ਗਏ, ਕਈ ਦੁਕਾਨਾਂ ਤੇ ਮਕਾਨ ਸਾੜੇ ਗਏ ਤੇ ੮ ਸਿੱਖ ਮਾਰੇ ਗਏ। ਇਸ ਤੋਂ ਬਾਅਦ ਪੰਜਾਬ ਵਿਚ ਵੀ ਕਤਲੋ ਗ਼ਾਰਤ ਇਕਾ ਦੁਕਾ ਸ਼ੁਰੂ ਹੋ ਗਈ। ਇਸ ਤੋਂ ਪਹਿਲਾਂ ਬੱਸ ਕਤਲ ਕਾਂਡ ਢਿਲਵਾਂ ਦਾ ਕਿੱਸਾ ਹੋ ਚੁਕਾ ਸੀ, ਜਿਸ ਵਿਚ ੬ ਨਿਰਦੋਸ਼ੇ ਹਿੰਦੂ ਮਾਰੇ ਗਏ ਸਨ। ਫਿਰ ਇਕ ਹੋਰ ਬੱਸ ਵਿਚੋਂ ਕੱਢ ਕੇ ਚਾਰ ਹਿੰਦੂ ਮਾਰੇ ਗਏ।

ਪੰਜਾਬ ਵਿਚ ਵਿਅਕਤੀਗਤ ਤੌਰ ਉਤੇ ਮੋਟਰ ਸਾਈਕਲਾਂ ਵਾਲੇ ਇਕਾ ਦੁਕਾ ਕਤਲ ਕਰਦੇ ਸਨ, ਪਰ ਹਰ ਸਿੱਖ ਲੀਡਰ ਕੀ ਤੇ ਸਾਧਾਰਨ ਸਿੱਖ ਕੀ, ਸਾਰਿਆਂ ਨੇ ਹੀ ਇਸ ਨੂੰ ਮਾੜਾ ਸਮਝਿਆ ਤੇ ਆਖਿਆ। ਪਰ ਪਾਣੀਪਤ ਤੇ ਹਰਿਆਣੇ ਵਿਚ ਹੋਰ ਥਾਵਾਂ ਉਤੇ ਇਕੱਠਾਂ ਨੇ ਜੋ ਸਿੱਖਾਂ ਉਤੇ ਹਮਲੇ ਕੀਤੇ, ਉਸ ਨੂੰ ਆਮ ਹਿੰਦੂ ਨੇ ਮਾੜਾ ਨਾ ਕਿਹਾ। ਇਸ ਦੇ ਉਲਟ ਪੰਜਾਬ ਦੇ ਗਲੀਆਂ ਬਜ਼ਾਰਾਂ ਵਿਚ ਇਹ ਕਿਹਾ ਗਿਆ ਕਿ ਹੁਣ ਸਿੱਖਾਂ ਨੂੰ ਹੋਸ਼ ਆਵੇਗੀ। ਇਸ ਨਾਲ ਹਿੰਦੂਆਂ ਦੇ ਕਤਲਾਂ ਨੂੰ ਮਾੜਾ ਕਹਿਣ ਵਾਲੀ ਜ਼ਬਾਨ ਦੱਬਦੀ ਗਈ। ਪਹਿਲੀ ਜੂਨ ਨੂੰ ਪਹਿਲੀ ਵਾਰ ਸੀ. ਆਰ. ਪੀ. ਨੇ ਦਰਬਾਰ ਸਾਹਿਬ ਦੇ ਅੰਦਰ ਗੋਲੀ ਚਲਾਈ, ਜਿਸ ਨਾਲ ੧੧ ਆਦਮੀ ਦਰਬਾਰ ਸਾਹਿਬ ਦੇ ਅੰਦਰ ਮਰੇ ਤੇ ੨੯ ਗੋਲੀਆਂ ਦਰਬਾਰ ਸਾਹਿਬ ਦੀ ਇਮਾਰਤ ਨੂੰ ਲੱਗੀਆਂ। ੫—੬ ਜੂਨ ਨੂੰ ਤੇ ਟੈਂਕ ਲੈ ਕੇ ਫੌਜ ਦਰਬਾਰ ਸਾਹਿਬ ਦੇ ਅੰਦਰ ਹੀ ਵੜ ਗਈ, ਅੰਧਾ ਧੁੰਧ ਗੋਲੀ ਚੱਲੀ। ਜੋ ਨਜ਼ਰ ਆਇਆ ਉਸ ਨੂੰ ਮਾਰ ਦਿੱਤਾ। ਦਾਹੜੀ ਖੁਲ੍ਹੀ ਵਾਲਾ, ਨੀਲੀ ਪਗੜੀ ਵਾਲਾ ਤੇ ਪੀਲੇ ਪਟਕੇ ਵਾਲਾ ਨਹੀਂ ਛੱਡਿਆ। ਬਦ-ਕਿਸਮਤੀ ਨਾਲ ਉਸ ਦਿਨ ਅਕਾਲੀ ਦਲ ਵਲੋਂ ਲਗਾਏ ਗਏ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਲਈ ੧੫੦੦ ਦਾ ਜਥਾ ਸੰਗਰੂਰ ਤੋਂ ਆਇਆ ਹੋਇਆ ਸੀ। ੩ ਜੂਨ ਨੂੰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਹੋਣ ਕਰਕੇ ਸੰਗਤਾਂ ਵੀ ਦਰਸ਼ਨਾਂ ਨੂੰ



www.AKJ.Org

ਆਈਆਂ ਹੋਈਆਂ ਸਨ । ਫ਼ੌਜ ਨੇ ਇਹ ਕਾਰਵਾਈ ਇਸ ਤਰ੍ਹਾਂ ਕੀਤੀ, ਜਿਸ ਤਰ੍ਹਾਂ ਕਿਸੇ ਦੁਸ਼ਮਣ ਦੀ ਵੱਧ ਤੋਂ ਵੱਧ ਫ਼ੌਜ ਮਾਰਨ ਲਈ ਕੀਤੀ ਜਾਂਦੀ ਹੈ । ਇਸ ਵੱਲ ਕੋਈ ਧਿਆਨ ਨਾ ਦਿੱਤਾ ਗਿਆ ਕਿ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ ਨਿਰਦੋਸ਼ ਤੇ ਕਈ ਤੇ ਸਿਰਫ਼ ਯਾਤਰਾ ਕਰਨ ਵਾਲੇ ਹੀ ਹਨ । ਕਿਸੇ ਨੂੰ ਦਰਬਾਰ ਸਾਹਿਬ ਤੋਂ ਬਾਹਰ ਆਉਣ ਲਈ ਐਲਾਨ ਨਾ ਕੀਤਾ ਗਿਆ । ਜੇ ਕੋਈ ਐਸਾ ਐਲਾਨ ਧਿਆਨ ਨਾਲ ਕੀਤਾ ਜਾਂਦਾ ਤਾਂ ਬਹੁਤ ਜਾਨਾਂ ਬਚ ਸਕਦੀਆਂ ਸਨ । ਯਾਤਰੂ ਤੇ ਜਥੇ ਵਾਲਿਆਂ ਨੇ ਆਪਣੇ ਆਪ ਹੀ ਬਾਹਰ ਆ ਜਾਣਾ ਸੀ । ਫ਼ੌਜੀ ਕਾਰਵਾਈ ਦੌਰਾਨ ਦਰਬਾਰ ਸਾਹਿਬ ਸਾਰਾ ਕੰਪਲੈਕਸ ਹੀ ਲਾਸ਼ਾਂ ਨਾਲ ਭਰ ਗਿਆ ਸੀ । ਦਰਬਾਰ ਸਾਹਿਬ ਦੀ ਪ੍ਰਕਰਮਾ ਗਿਟੇ ਗਿਟੇ ਖ਼ੂਨ ਨਾਲ ਭਰ ਗਈ । ਇਹ ਦੋ ਦਿਨ ਤੇ ਦੋ ਰਾਤਾਂ ਅੰਮ੍ਰਿਤਸਰ ਨਿਵਾਸੀਆਂ ਲਈ ਨਰਕ ਸਮਾਨ ਸਨ । ਇਨ੍ਹਾਂ ਦਿਨਾਂ ਵਿਚ ਸ਼ਾਇਦ ਹੀ ਕੋਈ ਸਿੱਖ ਹੋਵੇਗਾ ਜਿਸ ਨੇ ਰੋਟੀ ਰੱਜ ਕੇ ਖਾਧੀ ਹੋਣੀ ਹੈ ।

ਸਿਰਫ਼ ਅੰਮ੍ਰਿਤਸਰ ਹੀ ਨਹੀਂ, ੩੮ ਗੁਰਦੁਆਰਿਆਂ ਵਿਰੁਧ ਐਸੀ ਹੀ ਕਾਰਵਾਈ ਹੋਈ । ਭਾਵੇਂ ਹੋਰਾਂ ਗੁਰਦੁਆਰਿਆਂ ਵਿਚ ਇਤਨੇ ਲੋਕ ਨਹੀਂ ਹੁੰਦੇ ਜਿਸ ਕਰਕੇ ਜਾਨੀ ਨੁਕਸਾਨ ਇਤਨਾ ਜ਼ਿਆਦਾ ਨਹੀਂ ਹੋਇਆ, ਪਰ ਪਟਿਆਲਾ ਗੁਰਦੁਆਰਾ ਦੂਖ ਨਿਵਾਰਨ ਵਿਚ ਵੀ ਕਈ ਦਰਜਨਾਂ ਦੇ ਹਿਸਾਬ-ਸਿਰ ਸਿੰਘ ਮਾਰੇ ਗਏ ਦੱਸੇ ਜਾਂਦੇ ਹਨ । ਇਨ੍ਹਾਂ ਦਿਨਾਂ ਵਿਚ ਕਰਫ਼ਿਊ ਸਾਰੇ ਪੰਜਾਬ ਵਿਚ ਲੱਗਾ ਹੋਇਆ ਸੀ । ਆਵਾ ਜਾਈ ਦੇ ਸਾਰੇ ਰਸਤੇ ਬੰਦ ਸਨ । ਟੈਲੀਫ਼ੋਨ, ਅਖ਼ਬਾਰਾਂ ਜਾਂ ਤਾਰਾਂ ਰਾਹੀਂ ਬਾਹਰਲੀ ਦੁਨੀਆ ਦਾ ਕੁਝ ਪਤਾ ਨਹੀਂ ਲੱਗ ਸਕਦਾ ਸੀ । ਪਤਾ ਨਹੀਂ ਕੀ ਹੋ ਗਿਆ ਹੈ । ਸਾਰਾ ਪੰਜਾਬ ਸਹਿਮਿਆ ਹੋਇਆ ਸੀ । ਇਸ ਸਹਿਮ ਦੇ ਨਾਲ ਹੀ ਪਿੰਡਾਂ ਵਿਚ ਫ਼ੌਜ ਨੇ ਨੌਜੁਆਨ ਸਿੱਖ ਮੁੰਡੇ ਫੜੇ । ਕਈਆਂ ਨੂੰ ਗੋਲੀ ਮਾਰ ਦਿੱਤੀ ਤੇ ਕਈਆਂ ਨੂੰ ਕੁਟ ਕੁਟ ਕੇ ਉਨ੍ਹਾਂ ਦੀਆਂ ਲੱਤਾਂ ਬਾਹਵਾਂ ਤੋੜ ਦਿੱਤੀਆਂ । ਜੋ ਕੁਝ ਇਸ ਦੌਰਾਨ ਹੋਇਆ ਹੈ ਉਹ ਰੱਬ ਦੁਸ਼ਮਣ ਨੂੰ ਵੀ ਨਾ ਦਿਖਾਵੇ ।

ਸਿੱਖ ਹਿਰਦੇ ਤੜਪਣੇ ਸ਼ੁਰੂ ਹੋ ਗਏ, ਪਰ ਕਈ ਹਿੰਦੂਆਂ ਨੇ ਇਸ ਦੀ ਖਿੱਲੀ ਉਡਾਈ ਤੇ ਖ਼ੁਸ਼ੀਆਂ ਮਨਾਈਆਂ । ਜਿਸ ਨਾਲ ਹਿੰਦੂ ਸਿੱਖ ਇਕ ਦੂਜੇ ਤੋਂ ਬਹੁਤ ਦੂਰ ਹੋ ਗਏ । ਪੰਜਾਬ ਦੀ ਜਨਤਾ ਦੋ-ਫਾੜ ਹੋ ਗਈ । ਪੰਜਾਬ ਵਿਚ ਖ਼ੂਨ ਵਗ ਤੁਰਿਆ, ਜੋ ਬੰਦ ਹੁੰਦਾ ਨਜ਼ਰ ਨਹੀਂ ਆ ਰਿਹਾ । ਲਹੂ ਸਿੰਮਦਾ ਹੀ ਤੁਰਿਆ ਜਾਂਦਾ ਨਜ਼ਰ ਆ ਰਿਹਾ ਹੈ । ਸਰਕਾਰ ਨੇ ਇਨ੍ਹਾਂ ਜ਼ਖਮਾਂ ਉਤੇ ਮਲ੍ਹਮ ਲਾਉਣ ਦੀਆਂ ਗੱਲਾਂ ਬਹੁਤ ਕੀਤੀਆਂ ਹਨ ਪਰ ਹਾਲੀਂ ਤਕ ਮਲ੍ਹਮ ਲੱਗਦੀ ਕਿਧਰੇ ਨਜ਼ਰ ਨਹੀਂ ਆਈ, ਸਗੋਂ ਜ਼ਖ਼ਮ ਹੋਰ ਖੁਰਚ ਕੇ ਉਨ੍ਹਾਂ ਉਤੇ ਲੂਣ ਪੈਂਦਾ ਹੀ ਨਜ਼ਰ ਆਇਆ । ਸਿੱਖ ਸੰਗਤਾਂ ਨੂੰ ਦਰਬਾਰ ਸਾਹਿਬ ਦੇ ਖੁਲ੍ਹੇ ਦਰਸ਼ਨ ਦਿਦਾਰਿਆਂ ਤੋਂ ਵਾਂਝਿਆਂ ਕੀਤਾ ਗਿਆ । ਸ੍ਰੀ ਅਕਾਲ ਤਖਤ ਸਾਹਿਬ ਦੀ ਮੁਰੰਮਤ ਨਿਹੰਗ ਸੰਤਾ ਸਿੰਘ ਨੂੰ ਸਿੱਖ ਸੰਗਤਾਂ ਦੇ ਜਜ਼ਬਾਤਾਂ ਦੇ ਉਲਟ ਦਿੱਤੀ ਗਈ । ਫਿਰ ਹਰ ਦੁਕੀ ਤਿਕੀ ਇਕੱਠੀ ਕਰਕੇ ਉਸ ਨੂੰ ਸਰਬਤ ਖਾਲਸੇ ਦਾ ਨਾਮ ਦੇ ਕੇ ਸਿੱਖ ਪ੍ਰੰਪਰਾਵਾਂ ਦੀ ਤੌਹੀਨ ਕੀਤੀ ਗਈ ।......ਕੋਈ ੨੦੦ ਸੌ ਤੋਂ ਵਧੀਕ ਸਿੱਖ ਪੁਲੀਸ ਅਧਿਕਾਰੀਆਂ ਕੋਲੋਂ ਆਪਣੀ ਨੌਕਰੀਆਂ ਤੋਂ ਅਸਤੀਫ਼ੇ ਲਏ ਗਏ ਜਾਂ ਕੱਢੇ ਗਏ ਹਨ, ਥਾਂ ਥਾਂ ਉਤੇ ਹਾਲੀਂ ਤਕ ਗ੍ਰਿਫ਼ਤਾਰੀਆਂ ਜਾਰੀ ਹਨ । ਫਿਰ ਜੋ ਪੁਲੀਸ ਤੇ ਫ਼ੌਜ ਦੇ ਹੱਥ ਆਇਆ, ਉਸ ਉਤੇ ਹੀ ਸਾਰੇ ਕੇਸ ਫਿਟ ਕਰ ਦਿਤੇ । ਕਈ ਬੇ-ਗੁਨਾਹ ਫੜੇ ਗਏ ਤੇ ਇਨ੍ਹਾਂ ਲਈ ਵਿਸ਼ੇਸ਼ ਕਾਨੂੰਨ ਬਣਾ ਕੇ ਇਨ੍ਹਾਂ ਲਈ ਸਪੈਸ਼ਲ ਕੋਰਟ ਬਣਾ ਕੇ ਮੁਕੱਦਮੇ ਚਲਾਏ ਜਾਣਗੇ । ਆਮ ਕਾਨੂੰਨ ਅਨੁਸਾਰ ਹਰ ਬੰਦਾ ਬੇ-ਗੁਨਾਹ ਹੈ, ਜਦੋਂ ਤਕ ਕਿ ਉਸ ਨੂੰ ਕਾਨੂੰਨ ਦੇ ਕਟਹਿਰੇ ਵਿਚ ਦੋਸ਼ੀ ਨਾ ਸਾਬਤ ਕਰ ਦਿੱਤਾ ਜਾਵੇ, ਪਰ ਇਨ੍ਹਾਂ ਸਪੈਸ਼ਲ ਕੋਰਟਾਂ ਵਿਚ ਪੇਸ਼ ਹੋ ਰਿਹਾ ਹਰ ਵਿਅਕਤੀ ਹੀ ਦੋਸ਼ੀ ਹੈ, ਜਦੋਂ ਤਕ ਕਿ ਉਹ ਆਪਣੇ ਆਪ ਨੂੰ ਨਿਰਦੋਸ਼ ਨਾ ਸਾਬਤ ਕਰ ਦੇਵੇ । ਪੁਲੀਸ ਵਲੋਂ ਕਿਸੇ ਨੂੰ ਦੋਸ਼ੀ ਸਾਬਤ ਕਰਨਾ ਇਤਨਾ ਮੁਸ਼ਕਲ ਨਹੀਂ ਜਿਤਨਾ ਕਿ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨਾ ਹੈ । ਫਿਰ ਇਨ੍ਹਾਂ ਕੋਰਟਾਂ ਦੀ ਕਾਰਵਾਈ ਗੁਪਤ ਰੱਖੀ ਜਾਵੇਗੀ । ਇਸ ਤੋਂ ਇਹ ਸ਼ੱਕ ਪੈਂਦਾ ਹੈ ਕਿ ਬਿਨਾਂ ਕਿਸੇ ਸਬੂਤ ਦੇ ਹੁੰਦਿਆਂ ਵੀ ਜੋ ਨੌਜੁਆਨ ਅਤਿਵਾਦੀਆਂ ਦੇ ਨਾਮ ਥੱਲੇ ਫੜੇ ਗਏ ਹਨ, ਉਨ੍ਹਾਂ ਨੂੰ ਜ਼ਰੂਰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ ।

ਦੂਜੇ ਪਾਸੇ ਪੰਜਾਬ ਵਿਚ ਫਿਰ ਨਿਰਦੋਸ਼ਾਂ ਦਾ ਖ਼ੂਨ ਡੁਲ੍ਹਣਾ ਸ਼ੁਰੂ ਹੋ ਗਿਆ ਹੈ । ੮ ਬੰਦੇ ਇਕ ਬੱਸ ਵਿਚੋਂ



www.AKJ.Org

ਕੱਢ ਕੇ ਮਾਰ ਦਿਤੇ ਗਏ। ਇਕ ਸਿਨਮੇ ਉਤੇ ਜਲੰਧਰ ਵਿਚ ਬੰਬ ਸੁਟ ਕੇ ਕਈ ਬੰਦੇ ਜ਼ਖਮੀ ਕਰ ਦਿਤੇ ਗਏ। ਅੱਗੇ ਕਿਹਾ ਜਾਂਦਾ ਸੀ ਕਿ ਨਿਰਦੋਸ਼ ਹਿੰਦੂਆਂ ਨੂੰ ਸੰਤ ਜਰਨੈਲ ਸਿੰਘ ਖਾਲਸਾ ਮਰਵਾਉਂਦੇ ਹਨ ਤੇ ਮਾਰਨ ਤੋਂ ਬਾਅਦ ਅਪਰਾਧੀ ਦਰਬਾਰ ਸਾਹਿਬ ਜਾ ਲੁਕਦੇ ਹਨ। ਪਰ ਹੁਣ ਤੇ ਸੰਤ ਜਰਨੈਲ ਸਿੰਘ ਖਾਲਸਾ ਨਜ਼ਰ ਨਹੀਂ ਆ ਰਹੇ। ਦਰਬਾਰ ਸਾਹਿਬ ਉਤੇ ਫੌਜ ਦਾ ਕਬਜ਼ਾ ਹੈ। ਫਿਰ ਕੀ ਹੁਣ ਅਪਰਾਧੀ ਫ਼ੌਜ ਨੇ ਲਕੋਏ ਹੋਏ ਹਨ ? ਫ਼ੌਜ ਸ਼ਹਿਰ ਸ਼ਹਿਰ ਤੇ ਪਿੰਡ ਪਿੰਡ ਤੁਰੀ ਫਿਰਦੀ ਹੈ, ਫਿਰ ਵੀ ਹਿੰਸਕ ਘਟਨਾਵਾਂ ਹੋ ਰਹੀਆਂ ਹਨ। ਇਸ ਦਾ ਭਾਵ ਹੈ ਕਿ ਜੋ ਲੋਕ ਪਹਿਲਾਂ ਹਿੰਸਕ ਘਟਨਾਵਾਂ ਕਰਵਾਉਂਦੇ ਸਨ, ਉਹ ਹੀ ਅੱਜ ਵੀ ਕਰਵਾ ਰਹੇ ਹਨ। ਉਨ੍ਹਾਂ ਬਾਰੇ ਜਾਂ ਸਰਕਾਰ ਪਤਾ ਲਾਉਣ ਤੋਂ ਅਸਮਰਥ ਹੈ ਤੇ ਜਾਂ ਸਰਕਾਰ ਉਨ੍ਹਾਂ ਦੀ ਆਪ ਮਦਦ ਕਰਦੀ ਹੈ।

ਸਿੱਖਾਂ ਨੂੰ ਤੰਗ ਕਰ ਕੇ ਉਨ੍ਹਾਂ ਦੇ ਮਨਾਂ ਵਿਚ ਹਿੰਦੂਆਂ ਲਈ ਗੁਸਾ ਵਧਾਇਆ ਜਾ ਰਿਹਾ ਹੈ ਤੇ ਹਿੰਦੂਆਂ ਨੂੰ ਮਰਵ ਕੇ ਉਨ੍ਹਾਂ ਦੇ ਮਨਾਂ ਵਿਚ ਸਿੱਖਾਂ ਵਿਰੁਧ ਗੁਸਾ ਭਰਿਆ ਜਾ ਰਿਹਾ ਹੈ। ਪੰਜਾਬ ਦੀ ਜਨਤਾ ਦੇ ਦੋਫਾੜ ਹੋਣ ਨਾਲ ਜੋ ਖ਼ੂਨ ਸਿੰਮਦਾ ਹੈ, ਉਸ ਦਾ ਚੀਰਾ ਦਿਨ-ਬ-ਦਿਨ ਵੱਡਾ ਕੀਤਾ ਜਾ ਰਿਹਾ ਹੈ। ਇੰਜ ਲੱਗਦਾ ਹੈ ਕਿ ਪੰਜਾਬ ਦੇ ਸਰੀਰ ਦਾ ਖ਼ੂਨ ਨੁਚੜ ਕੇ ਇਹ ਖੋਖਲਾ ਰਹਿ ਜਾਵੇਗਾ। ਪਰ ਜੇ ਪੰਜਾਬ ਕਮਜ਼ੋਰ ਹੋ ਗਿਆ ਤਾਂ ਭਾਰਤ ਵੀ ਤਕੜਾ ਨਹੀਂ ਰਹਿ ਸਕੇਗਾ। ਅੱਜ ਦੇਸ਼ ਦੀ ਖੁਸ਼ਕਿਸਮਤੀ ਹੈ ਕਿ ਸਾਡਾ ਗੁਆਂਢੀ ਪਾਕਿਸਤਾਨ ਸਾਡੇ ਨਾਲੋਂ ਕਿਧਰੇ ਕਮਜ਼ੋਰ ਹੈ ਤੇ ਪਿਛਲੀਆਂ ਤਿੰਨ ਜੰਗਾਂ ਵਿਚ ਉਸ ਨੂੰ ਐਸੀ ਮਾਰ ਪਈ ਹੈ ਕਿ ਉਹ ਭਾਰਤ ਨਾਲ ਲੜਾਈ ਲੈਣ ਨੂੰ ਤਿਆਰ ਨਹੀਂ, ਪਰ ਜੇ ਉਹ ਤਕੜਾ ਹੁੰਦਾ ਤੇ ਇਸ ਲਹੂ ਲੁਹਾਣ ਪੰਜਾਬ ਉਤੇ ਹਮਲਾ ਕਰ ਦਿੰਦਾ ਤਾਂ ਉਸ ਨੂੰ ਪੰਜਾਬ ਵਿਚ ਰੋਕਣ ਵਾਲਾ ਕੋਈ ਨਹੀਂ ਹੋਣਾ ਸੀ। ਦਿੱਲੀ ਦੇ ਨੇੜੇ ਤੇੜੇ ਭਾਰਤ ਦੀ ਅਖ਼ੀਰਲੀ ਜੰਗ ਹੀ ਹੋਣੀ ਸੀ। ਪੰਜਾਬ ਜਿੱਤ ਕੇ ਗਇਆ ਜੇਤੂ ਜਰਨੈਲ ਨਾ ਅੱਗੇ ਦਿਲੀਓਂ ਕਦੀ ਮੜ ਕੇ ਆਇਆ ਸੀ ਤੇ ਨਾ ਹੁਣ ਆਉਣਾ ਸੀ।

ਹਰ ਵੇਲੇ ਹਾਲਾਤ ਇਕੋ ਜਿਹੇ ਨਹੀਂ ਹੁੰਦੇ। ਜੇ ਅੱਜ ਪਾਕਿਸਤਾਨ ਕਮਜ਼ੋਰ ਹੈ ਤਾਂ ਕਲ੍ਹ ਤਕੜਾ ਵੀ ਹੋ ਸਕਦਾ ਹੈ। ਜੇ ਪੰਜਾਬ ਦਾ ਖ਼ੂਨ ਇਸੇ ਤਰ੍ਹਾਂ ਨੁਚੜਦਾ ਰਿਹਾ ਤਾਂ ਪਾਕਿਸਤਾਨ ਅਵੱਸ਼ ਇਕ-ਨਾ-ਇਕ ਦਿਨ ਪੰਜਾਬ ਤੋਂ ਲੰਘ ਕੇ ਸਮੁਚੇ ਦੇਸ਼ ਉਤੇ ਕਾਬਜ਼ ਹੋ ਜਾਵੇਗਾ। ਪਰ ਦੇਸ਼ ਦਾ ਕਿਸੇ ਨੂੰ ਫਿਕਰ ਹੋਵੇ ਤਾਂ ਹੀ ਪੰਜਾਬ ਦੇ ਖ਼ੂਨ ਵੱਲ ਕੋਈ ਧਿਆਨ ਦੇ ਕੇ ਇਸ ਨੂੰ ਹੋਰ ਵਗਣ ਤੋਂ ਰੋਕੇ, ਜਿਨ੍ਹਾਂ ਨੇ ਵੋਟਾਂ ਦੀ ਗਿਣਤੀ ਕਰਨੀ ਹੈ ਉਨ੍ਹਾਂ ਲਈ ਢੱਠੇ ਖੂਹ ਵਿਚ ਪਵੇ ਦੇਸ਼, ਉਨ੍ਹਾਂ ਦੀ ਕੁਰਸੀ ਕਾਇਮ ਚਾਹੀਦੀ ਹੈ। ਇਸ ਹਾਲਤ ਵਿਚ ਤੇ ਪੰਜਾਬ ਦਾ ਗੁਰੂ ਹੀ ਰਾਖਾ ਹੈ, ਜੋ ਸ਼ਾਇਦ ਤਰਸ ਕਰਕੇ ਇਸ ਖ਼ੂਨ ਨੂੰ ਵਗਣ ਤੋਂ ਰੋਕੇ। ਨਹੀਂ ਤੇ ਹੁਣ ਦੇ ਹਾਲਾਤ ਵਿਚ ਤੇ ਪੰਜਾਬ ਤੇਜ਼ੀ ਨਾਲ ਤਬਾਹੀ ਦੇ ਰਸਤੇ ਵੱਲ ਜਾਂਦਾ ਹੀ ਨਜ਼ਰ ਆ ਰਿਹਾ ਹੈ।—ਧੰਨਵਾਦ ਸਹਿਤ, ਸੰਤ ਸਿਪਾਹੀ ਅਕਤੂਬਰ

# ਇਸ ਘਰ ਕੋ ਆਗ ਲਗ ਗਈ ਘਰ ਕੇ ਚਰਾਗ਼ ਸੇ

ਕਹਿੰਦੇ ਹਨ, ਘਰ ਦੀ ਫੁਟ ਨੇ ਦਹਿਸਰ ਮਾਰਿਆ। ਘਰ ਦੀ ਫੁਟ ਨੇ ਜੈਚੰਦ ਤੇ ਪ੍ਰਿਥੀਰਾਜ ਦੀ ਮਤ ਤੇ ਪਰਦਾ ਪਾਇਆ ਅਤੇ ਉਨ੍ਹਾਂ ਦੀ ਫੁਟ ਕਰਕੇ ਮੁਗਲਾਂ ਤੇ ਪਠਾਣਾਂ ਦੀ ਗੁਲਾਮੀ ਗਲ ਪੈ ਗਈ ਤੇ ਸਾਰੀ ਹਿੰਦਵੈਣ ਨੂੰ ਖੁਆਰ ਤੇ ਬਰਬਾਦ ਹੋਣਾ ਪਿਆ। ਮਹਾਰਾਜਾ ਰਣਜੀਤ ਸਿੰਘ ਨੇ ਸਾਂਝੀ ਤਾਕਤ ਇਕੱਠੀ ਕੀਤੀ ਅਤੇ ਬੜੀ ਜਦੋ ਜਿਹਦ ਨਾਲ ਸਿਖ ਰਾਜ ਨੂੰ ਸਿਖਰਾਂ ਤੇ ਪੁਚਾਇਆ, ਪਰ ਪਿਛੋਂ ਘਰ ਦੀ ਪਾਟੋ-ਧਾੜ ਨੇ ਖ਼ੂਨ ਦੀ ਹੋਲੀ ਖੇਡ ਕੇ ਉਸ ਨੂੰ ਨਸ਼ਟ-ਭ੍ਰਸ਼ਟ ਕਰ ਦਿਤਾ।

ਕੀ ਅੱਜ ਸਿਖ ਕੌਮ ਦੇ ਮੁਹਾਣਿਆਂ ਨੂੰ, ਆਪੇ ਬਣੇ ਚੌਧਰੀਆਂ ਨੂੰ ਕੋਈ ਪੁਛੇਗਾ ਕਿ ਕੀ ਇਸ ਚੌਧਰ ਤੇ ਕੁਰਸੀਆਂ ਦੀ ਭੁਖ ਪਿਛੇ, ਕੌਮ ਵਿਚ ਫੁਟ ਦੇ ਬੀਜ ਖਿਲਾਰ ਕੇ ਉਹ ਤਬਾਹੀ ਵਲ ਨਹੀਂ ਵਧ ਰਹੇ ? ਇਹ ਫੁਟ ਦੇ ਖਿਲਾਰੇ ਕੰਡੇ, ਸੂਲਾਂ ਤੋਂ ਸੂਲੀਆਂ ਬਣ ਕੇ ਕੌਮਾਂ ਦਾ ਸਤਿਆਨਾਸ ਕਰ ਦਿੰਦੇ ਹਨ।



www.AKJ.Org

# ਸਬਰ ਤੇ ਜਬਰ

[ਸ: ਮਦਨ ਸਿੰਘ ਜੀ, ੧੧ ਅਪਾਲੱ-ਵੇ, ਪੈਰੀ ਬਾਰ, ਬਰਮਿੰਘਮ-੨੦, ਯੂ. ਕੇ]

ਸਿੱਖ ਧਰਮ ਬੰਦੇ ਨੂੰ ਅਮਲੀ ਜੀਵਨ ਜੀਊਣ ਲਈ ਪ੍ਰੇਰਨਾ ਦਿੰਦਾ ਹੈ। ਕਹਿਣੀ, ਸਹਿਣੀ ਤੇ ਕਰਨੀ ਇਸ ਧਰਮ ਦੇ ਮੌਲਕ ਸਿਧਾਂਤ ਹਨ। ਗੁਰੂ ਪਾਤਸ਼ਾਹ ਧੁਰ ਕੀ ਬਾਣੀ ਰਾਹੀਂ ਸਬਰ, ਸੰਤੋਖ ਤੇ ਸੰਜਮੀ ਜੀਵਨ ਦੀ ਜਾਚ ਸਿਖਾਂਦੇ ਹਨ। ਉਨ੍ਹਾਂ ਪਹਿਲਾਂ ਆਪਣੇ ਆਪ ਨੂੰ ਸਬਰ ਤੇ ਸ਼ੁਕਰ ਦੀ ਕੁਠਾਲੀ ਵਿਚ ਢਾਲਿਆ, ਤੇ ਫਿਰ ਆਪਣੇ ਸਿੱਖਾਂ ਨੂੰ ਉਨ੍ਹਾਂ ਪੂਰਨਿਆਂ ਤੇ ਚਲਣ ਦਾ ਉਪਦੇਸ਼ ਦਿੱਤਾ।

'ਸੱਚ' ਦੇ ਮਾਰਗ ਤੇ ਚਲਣ ਲਈ ਤਨ ਤੇ ਮਨ ਦੀ ਕਠਿਨ ਸਾਧਨਾ ਕੋਈ ਵਿਰਲਾ ਸੇਵਕ ਹੀ ਸਾਧ ਸਕਦਾ ਹੈ। ਜਿਸ ਕਿਸੇ ਮਰਜੀਵੜੇ ਨੇ ਗੁਰੂ ਦੀ ਬਖਸ਼ਸ਼ ਦਾ ਲੜ ਫੜ ਕੇ ਸਾਧਨਾ ਕੀਤੀ, ਉਹ ਫਿਰ "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ" (ਪੰਨਾ ੪੭੦) ਦਾ ਮੁੱਜਸਮਾ, ਭਾਵ 'ਸਾਬਰ' ਬਣ ਗਿਆ। ਉਹ ਫਲ਼ਦਾਰ ਬ੍ਰਿਛ ਦੀ ਤਰ੍ਹਾਂ ਸੁਖਾਂ ਦਾ ਫਲ ਹੀ ਵੰਡਦਾ ਹੈ। ਕਈ ਮੂਰਖ ਪੱਥਰ-ਰੋੜੇ ਮਾਰ ਕੇ ਬੂਟੇ ਨੂੰ ਜ਼ਖਮੀ ਕਰਦੇ ਹਨ, ਪਰ ਇਹ ਅਡੋਲ ਵਾਹਿਗੁਰੂ ਦੀ ਰਜ਼ਾ ਵਿਚ ਰਹਿੰਦਾ ਹੋਇਆ ਕਦੇ ਸ਼ਿਕਵਾ ਨਹੀਂ ਕਰਦਾ। 'ਸ਼ਹੀਦ' ਦਾ ਜੀਵਨ 'ਸਾਬਰੀ' ਹੁੰਦਾ ਹੈ। ਸਿੱਖ ਧਰਮ ਨੇ ਅਨੇਕਾਂ ਐਸੇ ਮਰਜੀਵੜੇ ਪੈਦਾ ਕੀਤੇ।

ਸ੍ਰੀ ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਕੁਰਬਾਨੀਆਂ ਸਪਸ਼ਟ ਕਰਦੀਆਂ ਹਨ—

"ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥" (ਪੰਨਾ ੧੩੮੪)

ਗੁਰੂ ਪਾਤਸ਼ਾਹ ਦੇ ਦਰਸਾਏ ਰਾਹ ਤੇ ਚਲ ਕੇ ਅਨੇਕਾਂ ਹੀ ਸਿੰਘ ਸਿੰਘਣੀਆਂ ਨੇ 'ਸਬਰ' ਨਾਲ 'ਜਬਰ' ਨੂੰ ਸਹਿਣ ਕੀਤਾ, ਆਪਾ ਵਾਰਿਆ, ਪਰ ਧਰਮ ਵਲੋਂ ਬੇਮੁਖ ਨਹੀਂ ਹੋਏ। ਸਰਬ ਕਲਾ ਸਮਰੱਥ ਗੁਰੂ ਪਾਤਸ਼ਾਹ "ਹਰਨੁ ਭਰਨੁ ਜਾ ਕਾ ਨੇਤ੍ਰ ਫੋਰੁ" ਅਨੁਸਾਰ ਅਗੰਮੀ ਤਾਕਤਾਂ ਦੇ ਮਾਲਕ ਸਨ, ਪਰ 'ਕਰਾਮਾਤ ਨਾਮ ਕਹਿਰ' ਕਹਿ ਕੇ ਅਮਲੀ ਜੀਵਨ ਨੂੰ ਸਤਿਕਾਰਿਆ। ਸਾਈਂ ਮੀਆਂ ਮੀਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬੈਠਿਆਂ ਤੇ ਤੱਤੇ ਰੇਤ ਦੇ ਕੜਛੇ ਸੀਸ ਤੇ ਪੈਂਦਿਆਂ ਦੇਖ ਕੇ ਕੁਰਲਾ ਉਠਿਆ, "ਪਾਤਸ਼ਾਹ, ਹੁਕਮ ਹੋਵੇ ਤਾਂ ਦਿੱਲੀ ਤੇ ਲਾਹੌਰ ਦੀ ਇੱਟ ਇੱਟ ਖੜਕਾ ਦਿਆਂ।" ਪਰ 'ਸਾਬਰ' ਤੇ 'ਸਮਰੱਥ' ਗੁਰੂ ਨੇ ਭਾਣਾ ਮੰਨਣ ਦਾ ਉਪਦੇਸ਼ ਦਿੱਤਾ ਤੇ ਫੁਰਮਾਇਆ, "ਤੇਰਾ ਕੀਆ ਮੀਠਾ ਲਾਗੈ।"

ਫਿਰ 'ਸਬਰ' ਨੂੰ ਸਥਾਈ ਰਖਣ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦਾ ਸੁਮੇਲ ਕੀਤਾ ਅਤੇ ਕਠੋਰ ਤੇ ਪੱਥਰ ਹਿਰਦਈ ਹੋ ਚੁਕੇ ਜ਼ਾਲਮਾਂ ਦੀ ਸੁਧਾਈ ਸ਼ੁਰੂ ਕੀਤੀ। ਸੇਵਕਾਂ ਨੂੰ 'ਸੰਤ ਸਿਪਾਹੀ' ਦੀ ਸਪਿਰਿਟ ਬਖਸ਼ੀ। ਉਨ੍ਹਾਂ ਨੇ ਆਪਣੇ ਸਮੇਂ ਵਿਚ ੪ ਜੰਗਾਂ ਲੜੀਆਂ। ਵੈਰੀਆਂ ਤੇ ਫ਼ਤਹ ਪਾ ਕੇ ਜਾਬਰਾਂ ਨੂੰ ਦਸ ਦਿੱਤਾ ਕਿ 'ਸਾਬਰ' ਕਮਜ਼ੋਰ ਨਹੀਂ, ਸਗੋਂ ਉਹ ਅਥਾਹ ਸ਼ਕਤਾ ਦਾ ਮਾਲਕ ਹੁੰਦਾ ਹੋਇਆ ਵੀ ਦੀਨਾਂ ਦੁਖੀਆਂ ਦੀ ਸੇਵਾ-ਸੰਭਾਲ ਲਈ ਸ਼ਹੀਦ ਹੋਣਾ 'ਧੰਨ ਭਾਗ' ਸਮਝਦਾ ਹੈ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਚਲਾਈ ਪਿਰਤ ਨੇ ਕੌਮ ਨੂੰ ਨਵਾਂ ਜੋਸ਼ ਬਖ਼ਸ਼ਿਆ ਤੇ ਜਾਬਰ ਦਾ ਨਾਸ ਕਰਨ ਲਈ ਨਿਡਰਤਾ ਵਰਦਾਨ ਕੀਤੀ।

ਜ਼ਾਲਮ ਹਾਕਮ ਦੁਨਿਆਵੀ ਸ਼ਕਤੀ ਦੇ ਹੰਕਾਰ ਵਿਚ ਮਜ਼ਲੂਮਾਂ ਨੂੰ ਗ਼ੁਲਾਮੀ ਦੀਆਂ ਜੰਜੀਰਾਂ ਵਿਚ ਜੱਕੜੇ ਰਹਿਣ ਵਿਚ ਖੁਸ਼ੀ ਸਮਝਦਾ ਹੈ। ਦਿਲ-ਕੰਬਾਊ ਤਸ਼ੱਦਦ ਕਰਦਾ ਹੈ। ਭਾਰਤ ਤੇ ਮੁਗਲਾਂ ਨੇ ਸਤ ਪੀੜ੍ਹੀਆਂ ੩੦੦ ਸਾਲ ਹਕੂਮਤ ਕੀਤੀ। ਅਫ਼ਗਾਨਾਂ ਨੇ ਵੀ ਮੁਲਕ ਨੂੰ ਖ਼ੂਬ ਲੁਟਿਆ। ਜਨਤਾ ਨੂੰ ਆਪਣੇ ਅੰਨ੍ਹੇ ਬੋਲੇ ਕਹਿਰ ਦਾ ਨਿਸ਼ਾਨਾ ਬਣਾਇਆ। ਭੈ-ਭੀਤ ਹੋਈ ਕੌਮ ਜ਼ੁਲਮ ਵਿਰੁਧ ਆਵਾਜ਼ ਵੀ ਨਹੀਂ ਸੀ ਉਠਾ ਸਕਦੀ। ਭੇਡਾਂ ਬਕਰੀਆਂ ਵਾਂਗ ਅਬਲਾ ਔਰਤਾਂ ਨੂੰ ਟਕੇ ਟਕੇ ਗਜ਼ਨੀ ਦੇ ਬਜ਼ਾਰਾਂ ਵਿਚ ਨੀਲਾਮ ਕੀਤਾ ਜਾਂਦਾ ਰਿਹਾ। ਕੋਈ ਹਿੰਦੂ ਪਗੜੀ



www.AKJ.Org

ਨਹੀਂ ਸ਼ੀ ਬੰਨ੍ਹ ਸਕਦਾ ਤੇ ਨਾ ਹੀ ਘੋੜ-ਸਵਾਰੀ ਕਰ ਸਕਦਾ ਸੀ। ਰਾਜਪੂਤਾਂ ਦੀ ਗ਼ੈਰਤ ਦਾ ਦਿਵਾਲਾ ਨਿਕਲ ਚੁਕਾ ਸੀ, ਉਹ ਆਪਣੀਆਂ ਧੀਆਂ ਦੇ ਡੋਲੇ ਇਨ੍ਹਾਂ ਜਾਬਰਾਂ ਨਾਲ ਤੋਰ ਦਿੰਦੇ ਸਨ। ਸ੍ਰੀ ਗੁਰੂ ਨਾਨਕ ਪਹਿਲਾ ਨਿਡਰ ਮਹਾਂ ਪੁਰਸ਼ ਨਿਤਰਿਆ, ਜਿਸ ਨੇ ਇਨ੍ਹਾਂ ਜ਼ਾਲਮਾਂ ਨੂੰ ਸ਼ੀਂਹ, ਮੁੱਕਦਮ ਤੇ ਕੁੱਤੇ ਆਖਿਆ। 'ਸਚ' ਦੀ ਆਵਾਜ਼ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕ ਦਿੱਤਾ ਗਿਆ। ਪਰ ਜ਼ਾਲਮ ਉਸ ਆਵਾਜ਼ ਦੀ ਬੁਲੰਦੀ ਨੂੰ ਨਾ ਰੋਕ ਸਕਿਆ। ਅੰਤ ਜਾਬਰ ਬਾਬਰ ਨੂੰ ਬਾਬੇ ਨਾਨਕ ਦੇ 'ਸਬਰ' ਮੂਹਰੇ ਝੁਕਣਾ ਪਿਆ। ਇਹ 'ਸਬਰ' ਤੇ 'ਜਬਰ' ਦੀ ਟੱਕਰ ਨਿਰੰਤਰ ੨੦੦ ਸਾਲ ਚਲਦੀ ਰਹੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜ਼ੁਲਮ ਜਬਰ ਵਿਰੁਧ ਲੋਹਾ ਲੈਂਦੇ ਰਹੇ। 'ਖਾਲਸਾ ਅਕਾਲ ਪੁਰਖ ਕੀ ਫ਼ੌਜ' ਪੈਦਾ ਕੀਤੀ। ਆਪ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਅਮਰ ਕਰ ਦਿੱਤਾ। ਜ਼ੁਲਮ ਨੂੰ ਠਲ੍ਹ ਪਾਉਣ ਲਈ ਸਿੰਘਾਂ ਨੂੰ ਦੇਗਾਂ ਵਿਚ ਉਬਾਲਿਆ ਗਿਆ, ਆਰਿਆਂ ਨਾਲ ਚੀਰਿਆ ਗਿਆ, ਖੋਪਰੀਆਂ ਲਾਹੀਆਂ ਗਈਆਂ, ਬੰਦ ਬੰਦ ਕੱਟੇ ਗਏ ਤੇ ਚਰਖੜੀਆਂ ਤੇ ਚਾੜ੍ਹੇ ਗਏ। ੭ ਤੇ ੯ ਸਾਲ ਦੇ ਮਾਸੂਮ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣਿਆ ਗਿਆ। ਕਮਾਲ ਹੋ ਗਈ, 'ਜਾਬਰ' ਸਾਮਰਾਜ ਦੀਆਂ ਨੀਹਾਂ ਖੋਖਲੀਆਂ ਹੋ ਗਈਆਂ ਅਤੇ ਇਨ੍ਹਾਂ ਭਿਆਨਕ ਜ਼ੁਲਮਾਂ ਸਦਕਾ 'ਸਾਬਰ' ਖਾਲਸਾ ਚੜ੍ਹਦੀਆਂ ਕਲਾ ਵਿਚ ਹੋ ਗਿਆ। ਗੁਰੂ ਸਾਹਿਬ ਨੇ ਆਪਣੇ ਖਾਲਸੇ ਨੂੰ ਆਦੇਸ਼ ਦਿੱਤਾ ਕਿ ਦੀਨਾਂ ਦੁਖੀਆਂ ਦੀ ਰਖਿਆ ਕਰਦਿਆਂ ਦੁਸ਼ਟਾਂ ਦੋਖੀਆਂ ਨੂੰ ਸੋਧੋ—

"ਖਾਲਸਾ ਸੋ ਨਿਰਧਨ ਕੋ ਪਾਲੈ ॥ ਖਾਲਸਾ ਸੋ ਜੋ ਦੁਸਟ ਕੋ ਗਾਲੈ ॥"

ਅਤੇ ਫਿਰ ਔਰੰਗਜ਼ੇਬ ਨੂੰ ਭੇਜੇ ਗਏ ਪੱਤਰ 'ਜ਼ਫਰਨਾਮੇ' ਵਿਚ ਫ਼ੁਰਮਾਇਆ—

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ ॥ ਹਲਾਲ ਅਸਤ ਬੁਰਦਨ ਬ-ਸ਼ਮਸ਼ੀਰੇ ਦਸਤ" ॥੨੨॥

ਭਾਵ, ਜਦ ਸਭ ਹੀਲੇ ਅਸਫਲ ਰਹਿਣ ਤਾਂ ਤਲਵਾਰ ਚੁਕਣਾ ਜਾਇਜ਼ ਹੈ। ਜੇ ਜ਼ਾਲਮ ਸਬਰ-ਸੰਤੋਖ ਦੀ ਬੋਲੀ ਨਾ ਸਮਝੇ ਤਾਂ ਖਾਲਸੇ ਦਾ ਹੱਥ ਤਲਵਾਰ ਦੀ ਮੁੱਠ ਤੇ ਚਲਾ ਜਾਂਦਾ ਹੈ। ਜ਼ੁਲਮ ਤੇ ਜ਼ਾਲਮ ਦਾ ਨਾਸ਼ ਕਰਨਾ ਖਾਲਸੇ ਦਾ ਪਰਮ ਧਰਮ ਹੈ। ਖਾਲਸਾ ਜਿਥੇ ਸ਼ਾਂਤ ਸਾਗਰ ਦੀ ਤਰ੍ਹਾਂ ਅਡੋਲ ਹੈ, ਉਥੇ ਇਸ ਸਾਗਰ ਦੀਆਂ ਲਹਿਰਾਂ ਚੰਡੀ ਦਾ ਰੂਪ ਧਾਰ ਕੇ ਪਾਪਾਂ-ਲਦਿਆ ਬੇੜਾ ਨਾਸ ਕਰਨ ਨੂੰ ਸਮਰੱਥ ਹਨ। ਖਾਲਸੇ ਨੂੰ ਦਿੱਤੀ ਇਸੇ ਗੁੜ੍ਹਤੀ ਸਦਕਾ ਜ਼ਾਲਮ ਮੁਗਲਾਂ ਦਾ ਬੀਜ ਨਾਸ ਹੋ ਗਿਆ। ਹਤਿਆਰਿਆਂ ਦੀਆਂ ਕਬਰਾਂ ਤੇ ਦੀਵਾ ਬਾਲਣ ਵਾਲਾ ਵੀ ਕੋਈ ਨਹੀਂ ਰਿਹਾ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਨਤਾ ਨੇ ਕੁਝ ਸੁਖ ਦਾ ਸਾਹ ਲਿਆ। ੪੦ ਸਾਲ ਖਾਲਸਾ, ਪੂਰੀ ਖਾਲਸਈ ਸ਼ਾਨ ਨਾਲ ਵਿਚਰਦਾ ਰਿਹਾ। ਧਾੜਵੀਆਂ ਤੇ ਜ਼ਾਲਮਾਂ ਦੇ ਛੱਕੇ ਛੁੜਾ ਦਿੱਤੇ, ਪਰ ਹਰ ਧਰਮ ਦੇ ਪੈਰੋਕਾਰਾਂ ਨੂੰ ਆਪਣੇ ਅਕੀਦੇ ਮੁਤਾਬਿਕ ਪੂਜਾ-ਪਾਠ ਕਰਨ ਦੀ ਪੂਰਨ ਆਜ਼ਾਦੀ ਰਹੀ। ਜਿਥੇ ਇਤਿਹਾਸਕ ਗੁਰਦੁਆਰਿਆਂ ਦੀਆਂ ਇਮਾਰਤਾਂ ਸੋਨੇ-ਜੜਤ ਬਣਵਾਈਆਂ ਉਥੇ ਮਸੀਤਾਂ ਮੰਦਰਾਂ ਨੂੰ ਵੀ ਯਥਾਯੋਗ ਦਾਨ ਦਿੱਤਾ।

ਪਰ "ਮੂੰਹ ਮੇਂ ਰਾਮ ਰਾਮ, ਬਗ਼ਲ ਮੇਂ ਛੁਰੀ" ਮੁਤਾਬਿਕ ਹਿੰਦੂ ਬ੍ਰਾਹਮਣ ਦੇ ਅੰਦਰੋਂ ਕੁਟਿਲਤਾ ਨਾ ਗਈ ਤੇ ਉਹ ਅੰਦਰੋਂ-ਅੰਦਰੀ ਸਿਖ ਮਰਯਾਦਾ ਵਿਚ ਹਿੰਦੂ ਧਰਮ ਦੇ ਕਰਮ-ਕਾਂਡ ਮਿਲਾਵਟ ਕਰਦਾ ਗਿਆ। ਦਰਬਾਰ ਸਾਹਿਬ ਦੇ ਅੰਦਰ ਤੇ ਬਾਹਰ ਮੂਰਤੀ-ਪੂਜਾ ਸ਼ੁਰੂ ਕਰਵਾ ਦਿੱਤੀ। ਭਲਾ ਹੋਵੇ ਸਿੰਘ ਸਭਾ ਤੇ ਗੁਰਦੁਆਰਾ ਲਹਿਰ ਚਲਾਉਣ ਵਾਲੇ ਮੋਢੀਆਂ ਦਾ, ਜਿਨ੍ਹਾਂ ਨੇ ਖਾਲਸੇ ਨੂੰ ਮੁੜ ਆਪਣਾ ਵਿਰਸਾ ਪਛਾਨਣ ਲਈ ਵੰਗਾਰਿਆ। ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਜੀ ਨਾਭਾ ਆਦਿ ਗੁਰਸਿਖਾਂ ਦੀ ਪੰਥ ਨੂੰ ਮਹਾਨ ਦੇਣ ਹੈ। ਖ਼ਾਲਸਾ ਗੁਰਮਤਿ ਰਹਿਣੀ ਦਾ ਧਾਰਨੀ ਹੋਣ ਲਗਾ। ਗੁਰੂ ਬਖਸ਼ਿਆ ਜੈਕਾਰਾ ਬੁਲੰਦ ਹੋਇਆ। ਪਰ ਹਿੰਦੂ-ਇਜ਼ਮ ਜ਼ਖਮੀ ਸੱਪ ਦੀ ਤਰ੍ਹਾਂ ਵਿਸ ਘੋਲਦਾ ਰਿਹਾ।

ਫ਼ਰੰਗੀਆਂ ਨੇ ਵੀ ਖਾਲਸੇ ਦੇ 'ਸਬਰ' ਨੂੰ ਆਪਣੇ ਹੱਥ-ਠੋਕਿਆਂ ਰਾਹੀਂ ਪਰਖਿਆ ਸੀ। ਗੁਰਦੁਆਰਿਆਂ



www.AKJ.Org

ਵਿਚ ਆਚਰਨ-ਹੀਨ ਮਹੰਤਾਂ ਨੂੰ ਸ਼ਹਿ ਦੇ ਕੇ ਸਿਖ ਰਹਿਤ ਮਰਯਾਦਾ ਵਿਚ ਰੌਲਾ ਪਾਉਣਾ ਸ਼ੁਰੂ ਕੀਤਾ। ਮੱਸਾ ਰੰਘੜ ਵਰਗੇ ਨਰੈਣੂ ਆਦਿ ਮਹੰਤ ਨਨਕਾਣਾ ਸਾਹਿਬ ਤੇ ਹੋਰ ਇਤਿਹਾਸਕ ਗੁਰਦਵਾਰਿਆਂ ਦੇ ਸਰਬਰਾਹ ਨੀਯਤ ਕਰ ਦਿੱਤੇ। ਗੁ: ਰਕਾਬਗੰਜ, ਨਨਕਾਣਾ ਸਾਹਿਬ, ਪੰਜਾ ਸਾਹਿਬ, ਗੁਰੂ ਕਾ ਬਾਗ ਤੇ ਗੰਗਸਰ ਜੈਤੋ ਦੇ ਖ਼ੂਨੀ ਸਾਕੇ, ਗੋਰਾ-ਸ਼ਾਹੀ ਦੀ ਕੁਟਿਲ ਕੀਤੀ ਦਾ ਨਤੀਜਾ ਸਨ। ਖਾਲਸਾ ਕੌਮ ਨੇ ਗੁਰੂ ਬਖਸ਼ੀ 'ਸਬਰ' ਦੀ ਸ਼ਕਤੀ ਨਾਲ ਕੁਰਬਾਨੀਆਂ ਦੇ ਕੇ ਪਵਿਤਰ ਗੁਰਧਾਮਾਂ ਨੂੰ ਆਜ਼ਾਦ ਕਰਵਾਇਆ। ਅੰਗਰੇਜ਼ ਭੁਲ ਗਿਆ ਸੀ ਕਿ ਸਿਖ ਧਰਮ ਦੀਆਂ ਨੀਂਹਾਂ ਵਿਚ ਸ਼ਹੀਦ ਸਿੰਘਾਂ ਸਿੰਘਣੀਆਂ ਤੇ ਬੱਚਿਆਂ ਦਾ ਖ਼ੂਨ ਅਤੇ ਮਿਝ ਹੱਡੀਆਂ ਦਾ ਗਾਰਾ ਲਗਾ ਹੋਇਆ ਹੈ। ਪ੍ਰੋਫੈਸਰ ਪੂਰਨ ਸਿੰਘ ਜੀ ਨੇ ਦਰਬਾਰ ਸਾਹਿਬ ਦੇ ਸ਼ਹੀਦਾਂ ਬਾਰੇ ਲਿਖਿਆ ਹੈ—

"ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਕਰਦੇ ਕਦੇ ਕਾਹਲੀ ਨਾ ਪਾਈਂ,
ਛੇਤੀ ਨਾ ਕਰੀਂ, ਕਿਉਂਕਿ ਹਰ ਸਿਲਾ ਹੇਠਾਂ, ਇਕ ਸ਼ਹੀਦ ਸੁਤਾ ਪਿਆ ਹੈ।"

ਗੁਰਦਵਾਰਿਆਂ ਨੂੰ ਆਜ਼ਾਦ ਕਰਾਉਣ ਦੇ ਮੋਰਚੇ 'ਸਬਰ ਤੇ ਜਬਰ' ਦੀ ਜੰਗ ਸੀ। ਫ਼ਰੰਗੀਆਂ ਨੇ ਗੋਲੀਆਂ, ਡਾਂਗਾਂ ਤੇ ਘੋੜਿਆਂ ਦੇ ਸੁੰਮਾਂ ਤਲੇ ਲਿਤਾੜ ਕੇ ਸਰੀਰ ਤਾਂ ਭੰਨ-ਤੋੜ ਦਿੱਤੇ, ਪਰ ਦ੍ਰਿੜ੍ਹਤਾ ਤੇ ਸਬਰ ਦੀ ਸ਼ਕਤੀ ਅਡੋਲ ਵਧਦੀ ਫੁਲਦੀ ਗਈ। ਆਖ਼ਰ ਜਾਬਰ ਨੂੰ ਗੁਰਦਵਾਰਿਆਂ ਦੀਆਂ ਚਾਬੀਆਂ ਖਾਲਸਾ ਪੰਥ ਦੇ ਸੇਵਕਾਂ ਦੇ ਹਵਾਲੇ ਕਰਨੀਆਂ ਪਈਆਂ। ਇਸੇ 'ਸਬਰ' ਦੀ ਢਾਲ ਨਾਲ ਫ਼ਰੰਗੀਆਂ ਦੇ ਹਮਲਿਆਂ ਨੂੰ ਰੋਕਿਆ ਤੇ ਇਸੇ ਸ਼ਕਤੀ ਕਾਰਨ ਗੋਰਿਆਂ ਨੂੰ ਮੁਲਕ ਛਡਣ ਲਈ ਮਜਬੂਰ ਹੋਣਾ ਪਿਆ। ਮਦਨ ਮੋਹਨ ਮਾਲਵੀਆ ਵਿਦਵਾਨ ਹਿੰਦੂ ਫਿਲਾਸਫ਼ਰ ਨੇ ਖਾਲਸੇ ਦੇ ਇਸ 'ਸਬਰ' ਨੂੰ ਦੇਖ ਕੇ ਹੀ ਆਖਿਆ ਸੀ, "ਹਰ ਹਿੰਦੂ ਘਰ ਵਿਚ ਇਕ ਸਿਖ ਜ਼ਰੂਰ ਸਜਣਾ ਚਾਹੀਦਾ ਹੈ।" ਫਰੰਗੀ ਤਾਂ ਮੁਲਕ ਦੇ ਦੋ ਟੁਕੜੇ ਭਾਰਤ ਤੇ ਪਾਕਿਸਤਾਨ ਦੇ ਰੂਪ ਵਿਚ ਕਰਕੇ ਵਲੈਤ ਜਾ ਵੜਿਆ, ਪਰ ਇਸ ਸਮੇਂ ਸਿਖਾਂ ਨੂੰ ਫਿਰ ਕੁਰਬਾਨੀ ਦਾ ਬਕਰਾ ਬਣਨਾ ਪਿਆ। ਜਿੰਨਾ ਜਾਨੀ ਤੇ ਮਾਲੀ ਨੁਕਸਾਨ ਸਿਖਾਂ ਦਾ ਹੋਇਆ, ਉਸ ਨਾਲ ਇਤਿਹਾਸ ਦੇ ਵਰਕੇ ਰੰਗੇ ਪਏ ਹਨ। ਪਵਿਤਰ ਗੁਰੂਧਾਮਾਂ ਤੋਂ ਖਾਲਸਾ ਪੰਥ ਨੂੰ ਵਿਛੋੜਿਆ ਗਿਆ। ਘਰੋਂ ਬੇਘਰ ਹੋ ਕੇ ਰਫਿਊਜੀਆਂ ਦੇ ਨਾਮ ਨਾਲ ਆਜ਼ਾਦ ਭਾਰਤ ਵਿਚ ਆਬਾਦ ਹੋਏ। ਪੰਡਤ ਨਹਿਰੂ ਦੇ ਦਿੱਤੇ ਬਚਨ—

'ਪੰਜਾਬ ਦੇ ਬਹਾਦਰ ਸਿਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿਚ ਕੋਈ ਆਪੱਤੀ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉਤਰ ਵਿਚ ਅਜਿਹਾ ਇਲਾਕਾ ਵਖਰਾ ਕਰ ਦਿੱਤਾ ਜਾਵੇ ਕਿ ਸੁਤੰਤਰਤਾ ਦਾ ਨਿੱਘ ਸਿਖਾਂ ਦੇ ਲਹੂ ਨੂੰ ਗਰਮਾਵੇ।" ਪਰ ਅੰਦਰ ਖਾਤੇ ਕੇਂਦਰੀ ਸਰਕਾਰ ਨੇ ਇਕ ਗੁਪਤ ਸਰਕੂਲਰ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਘਲ ਕੇ ਸਿਖਾਂ ਨੂੰ ਜਰਾਇਮ-ਪੇਸ਼ਃ ਕਰਾਰ ਦੇ ਦਿੱਤਾ। ਇਨ੍ਹਾਂ ਦੀ ਨਿਗਰਾਨੀ ਕਰਨ ਲਈ ਪੁਲਿਸ ਨੂੰ ਖਾਸ ਹਦਾਇਤਾਂ ਦਿੱਤੀਆਂ ਗਈਆਂ। ਸਿਖਾਂ ਦੇ ਲਹੂ ਨੂੰ ਗਰਮਾਉਣ ਦੀ ਬਜਾਏ ਹੋਲੀ ਖੇਡਣ ਦੀਆਂ ਗੋਂਦਾਂ ਗੁੰਦੀਆਂ ਜਾਣ ਲਗੀਆਂ। ਹਿੰਦੁਸਤਾਨ ਦੇ ਸਾਰੇ ਸੂਬਿਆਂ ਨੂੰ ਜ਼ਬਾਨ ਦੇ ਆਧਾਰ ਤੇ ਨਵੇਂ ਸਿਰਿਓਂ ਹਦਬੰਦ ਕੀਤਾ ਗਿਆ, ਪਰ ਪੰਜਾਬ ਵਿਚ 'ਪੰਜਾਬੀ ਸੂਬਾ ਜ਼ਿੰਦਾਬਾਦ' ਆਖਣ ਤੇ ਪਾਬੰਦੀ ਲਗਾ ਦਿੱਤੀ ਗਈ। ਮਾਸਟਰ ਤਾਰਾ ਸਿੰਘ ਨੇ ਜਦ ਪੰਡਤ ਨਹਿਰੂ ਨੂੰ ਉਸਦੇ ਦਿੱਤੇ ਬਚਨ ਦੀ ਯਾਦ ਦਿਵਾਈ ਤਾਂ ਉਤਰ ਮਿਲਿਆ "ਸਮਾਂ ਬਦਲ ਗਿਆ।" ਨਤੀਜਾ, ਸਿਖਾਂ ਦੇ 'ਸਬਰ' ਤੇ ਸਰਕਾਰ ਦੇ 'ਜਬਰ' ਦੀ ਲੜਾਈ ਫਿਰ ਚਾਲੂ ਹੋ ਗਈ।

'ਪੰਜਾਬੀ ਸੂਬਾ ਜ਼ਿੰਦਾਬਾਦ' ਆਖਣ ਤੇ ਹਜ਼ਾਰਾਂ ਸਿੰਘਾਂ ਸਿੰਘਣੀਆਂ ਨੂੰ ਸੀਖਾਂ ਪਿਛੇ ਡਕਿਆ ਗਿਆ। ਤਸੀਹੇ ਦੇਣ ਦਾ ਦੌਰ ਸ਼ੁਰੂ ਹੋ ਗਿਆ। ਗੁਰਦਵਾਰਿਆਂ ਦੀ ਪਵਿਤ੍ਰਤਾ ਭੰਗ ਕਰਨ ਲਗੇ। ਜੂਨ ੧੯੫੫ ਵਿਚ ਡੀ. ਆਈ. ਜੀ. ਮਹਾਸ਼ਾ ਅਸ਼ਵਨੀ ਕੁਮਾਰ ਨੇ ਕੇਂਦਰੀ ਤੇ ਸੂਬਾਈ ਸਰਕਾਰਾਂ ਦੀ ਅਸ਼ੀਰਵਾਦ ਲੈ ਕੇ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਹੋਰ ਸਾਰੇ ਅਕਾਲੀ ਮੁਖੀਆਂ ਦਾ ਅਸਲਾ ਜ਼ਬਤ ਕਰ ਲਿਆ ਤੇ ਲਾਇਸੈਂਸ ਕੈਂਸਲ ਕਰ ਦਿੱਤੇ। ਮੁਕਾਬਲੇ ਦਾ ਬਹਾਨਾ ਬਣਾ ਕੇ ਦਰਬਾਰ ਸਾਹਿਬ ਵਿਚ ਚਿਟ-ਕਪੜੀ



www.AKJ.Org

ਪੁਲਿਸ ਮੁਗਲ ਰਾਜ ਤੋਂ ਪਿਛੋਂ ਪਹਿਲੀ ਵਾਰ ਘਲੀ ਗਈ। ਇਸੇ ਤਰ੍ਹਾਂ ਸੀਸ ਗੰਜ ਤੇ ਰਕਾਬ ਗੰਜ ਗੁਰਦੁਆਰਿਆਂ ਦੀ ਪਵਿਤ੍ਰਤਾ ਭੰਗ ਕੀਤੀ ਗਈ। ਸਿਖਾਂ ਤੇ ਜ਼ੁਲਮ ਤੇ ਜਬਰ ਵਧਦਾ ਹੀ ਗਿਆ। ਨੌਕਰੀਆਂ ਵਿਚੋਂ ਸਿਖਾਂ ਨੂੰ ਚੁਣ ਚੁਣ ਕੇ ਕਢਿਆ ਗਿਆ। ਮਿਲਟਰੀ ਵਿਚ ਨਫਰੀ ਨਾਮ ਮਾਤਰ ਕਰ ਦਿੱਤੀ ਗਈ ਤੇ ਸਿਖ ਪਲਟਨਾਂ ਨੂੰ ਮਿਲਗੋਭਾ ਕਰ ਦਿੱਤਾ ਗਿਆ। ਅੰਗਰੇਜ਼ ਸਮੇਂ ਹਰ ਸਿਖ ਫ਼ੌਜੀ ਨੂੰ ਅੰਮ੍ਰਿਤਧਾਰੀ ਤੇ ਪੰਜ-ਕਕਾਰੀ ਹੋਣਾ ਲਾਜ਼ਮੀ ਸੀ ਅਤੇ ਪਤਿਤ ਸਿੱਖ-ਫ਼ੌਜੀ ਦਾ ਕੋਰਟ ਮਾਰਸ਼ਲ ਕੀਤਾ ਜਾਂਦਾ ਸੀ। ਪਰ ਨਵੇਂ ਸਜੇ ਤਾਜਦਾਰਾਂ ਨੇ ਪਤਿਤਪੁਣੇ ਨੂੰ ਸ਼ਹਿ ਦਿੱਤੀ ਅਤੇ ਕਿਰਪਾਨ ਰਖਣ ਦੀ ਵੀ ਮਨਾਹੀ ਕਰ ਦਿੱਤੀ।

ਗੁਰਦਵਾਰਿਆਂ ਦੀ ਸਟੇਜ ਅਤੇ ਗੋਲਕ ਤੇ ਕਬਜ਼ਾ ਕਰਨ ਲਈ ਫ਼ਰੰਗੀਆਂ ਵਾਲੀ ਚਾਲ ਤੇ ਚਲਦਿਆਂ ਟੋਡੀ ਸਿਖਾਂ ਨੂੰ ਹਥ-ਠੋਕਾ ਬਣਾ ਕੇ ਕਦੇ ਦਲ ਖਾਲਸਾ ਤੇ ਕਦੇ ਖਾਲਸਾ ਦਲ ਬਣਾ ਇਲੈਕਸ਼ਨਾਂ ਲੜੀਆਂ। ਕੋਝੇ ਲਾਲਚ ਦੇ ਕੇ ਸਿਖਾਂ ਨੂੰ ਸਿਖਾਂ ਵਿਰੁਧ ਚਿੱਕੜ ਉਛਾਲਣ ਲਈ ਉਕਸਾਇਆ। 'ਹਮਸਾਏ ਮਾਂ ਪਿਓ ਜਾਏ' ਦੀ ਪਰੰਪਰਾ ਦੇ ਉਲਟ ਹਿੰਦੂ ਸਿਖਾਂ ਵਿਚ ਨਫ਼ਰਤ ਦੇ ਨਸ਼ਤਰ ਚਲਾਉਣ ਲਈ ਭੜਕਾਇਆ। ਅਜੋਕੇ ਹਰਿਆਣੇ (ਜੋ ਪੰਜਾਬ ਚੋਂ ਹੀ ਨਿਖੜਿਆ ਹੈ) ਵਿਚ ਰਹਿੰਦੇ ਹੋਏ ਪੰਜਾਬੀ ਸਿਖਾਂ ਤੇ ਜ਼ੁਲਮ ਤੇ ਕਤਲੋ-ਗ਼ਾਰਤ ਦੀਆਂ ਵਾਰਦਾਤਾਂ ਵਧਦੀਆਂ ਗਈਆਂ। ਸਿਖਾਂ ਨੂੰ ਮੁਲਕ ਦੇ ਹਰ ਹਿੱਸੇ ਵਿਚ ਅਤਿਵਾਦੀ, ਵਖਵਾਦੀ ਤੇ ਗ਼ਦਾਰ ਕਹਿ ਕੇ ਭੰਡਿਆ ਗਿਆ। ਨਿਹੱਥੇ ਨੌਜਵਾਨਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਗੁਰਦਵਾਰਿਆਂ ਦੀਆਂ ਇਮਾਰਤਾਂ ਤੇ ਧਾਰਮਕ ਗ੍ਰੰਥਾਂ ਨੂੰ ਅਗਨ ਭੇਟ ਕੀਤਾ ਗਿਆ।

ਉਸੇ ਜਬਰ ਦੀ ਕੜੀ ਦੀ ਨੰਗੀ ਕਰਤੂਰ ਹੈ, ਜੂਨ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਪੰਜਾਬ ਦੇ ਹੋਰ ਗੁਰ-ਅਸਥਾਨਾਂ ਵਿਖੇ ਫ਼ੌਜੀ ਕਾਰਵਾਈ ਦੁਆਰਾ ਭਿਆਨਕ ਤੇ ਦੁਖਦਾਈ ਘਟਨਾ ਵਾਪਰੀ। ਅਤੇ ਹੁਣ ਖਾਸ ਤੌਰ ਤੇ ਦਿਲੀ ਤੇ ਬਾਕੀ ਸਾਰੇ ਭਾਰਤ ਵਿਚ ਸਿਖਾਂ ਦੇ ਜਾਨ-ਮਾਲ ਦੀ ਸਾੜ-ਫੂਕ, ਲੁਟ-ਕਸੁਟ, ਵਢ-ਟੁਕ ਤੇ ਜ਼ੋਰ-ਜਬਰ ਦੁਆਰਾ ਉਨ੍ਹਾਂ ਦੇ 'ਸਬਰ' ਨੂੰ ਪਰਖਿਆ ਗਿਆ ਹੈ। ਆਖ਼ਰ ਇਹ ਕਦੋਂ ਤਕ? **ਇਉਂ ਸਿਖ ਤੇ ਸਿਖੀ ਮੁਕਾਈ ਨਹੀਂ ਜਾ ਸਕਦੀ**, ਜਿਹਾ ਕਿ ਪੁਰਾਤਨ ਸਮੇਂ ਦੀ ਅਖਾਉਤ ਹੈ—

ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ।
ਜਿਉਂ ਜਿਉਂ ਮਨੂੰ ਵਢਦਾ, ਅਸੀਂ ਦੂਣ ਸਵਾਏ ਹੋਏ।

---

# ਭਾ: ਸਾ: ਭਾਈ ਰਣਧੀਰ ਸਿੰਘ ਜੀ ਪਾਠ-ਉਤਸ਼ਾਹਤ ਸਕੀਮ

ਇਸ ਸਕੀਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਦਾਰ ਸਰੂਪ ਤੋਂ ਪਾਠ ਕਰਨ ਦੀ ਘਟੋ ਘਟ ੩੦ ਪੰਨੇ ਦੀ ਯੋਗਤਾ ਹੋਣੀ ਲੋੜੀਦੀ ਹੈ। ਪਾਠ ਦੀ ਸਪੀਡ ਦੇ ਨਾਲ ਸ਼ੁਧ ਉਚਾਰਨ ਦਾ ਹੋਣਾ ਲਾਜ਼ਮੀ ਹੈ।

ਅੰਮ੍ਰਿਤਧਾਰੀ, ਰਹਿਤ ਬਹਿਤ ਵਿਚ ਪੂਰੇ, ੨੫ ਸਾਲ ਤੋਂ ਘਟ (੩੧ ਦਸੰਬਰ ੧੯੮੪ ਨੂੰ) ਉਮਰ ਦੇ ਬੱਚੇ ਬੱਚੀਆਂ ਪ੍ਰੀਖਿਆ ਵਾਸਤੇ ਆਪਣੀਆਂ ਦਰਖ਼ਾਸਤਾਂ ਛਪੇ ਨੀਯਤ (presc·ibed) ਫਾਰਮ ਤੇ ੧੮ ਦਸੰਬਰ ੧੯੮੪ ਤਕ ਭਾਈ ਬਲਬੀਰ ਸਿੰਘ ਜੀ ੨੩-ਜੀ (23-G) ਸਰਾਭਾ ਨਗਰ ਲੁਧਿਆਣਾ-੧੪੧੦੦੧ ਪਾਸ ਭੇਜ ਦੇਣ। ਫ਼ਾਰਮ ਉਨ੍ਹਾਂ ਤੋਂ ਦਸਤੀ ਜਾਂ ਡਾਕ ਰਾਹੀਂ ਮੰਗਵਾਏ ਜਾ ਸਕਦੇ ਹਨ। ਉਮੇਦਵਾਰਾਂ ਦੀ ਪ੍ਰੀਖਿਆ ਪੋਹ ਸੁਦੀ ਸਪਤਮੀ ਗੁਰਪੁਰਬ ਸਮਾਗਮ ਸਮੇਂ ੨੮ ਦਸੰਬਰ ੧੯੮੪ ਢਾਈ ਵਜੇ ਸ਼ਾਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਦੀ ਉਪਰਲੀ ਮੰਜ਼ਲ ਤੇ ਹੋਣੀ ਹੈ। ਪ੍ਰੀਖਿਆ ਸਮੇਂ ਜਨਮ-ਤਰੀਕ ਲਈ ਸਕੂਲ ਬੋਰਡ, ਯੂਨੀਵਰਸਿਟੀ ਜਾਂ ਮਹਿਕਮਾ ਪੈਦਾਇਸ਼ ਦਾ ਅਸਲ ਸਰਟੀਫੀਕੇਟ ਨਾਲ ਲਿਆਉਣਾ ਜ਼ਰੂਰੀ ਹੈ। ਪ੍ਰੀਖਿਆ ਵਿਚ ਕੋਈ ਐਸਾ ਸੱਜਣ ਸ਼ਾਮਲ ਨਾ ਹੋਵੇ ਜੋ ਪਾਠਾਂ ਦੀ ਭੇਟਾ ਵਸੂਲ ਕਰਦਾ ਹੋਵੇ।

ਯੋਗ ਬੱਚਿਆਂ ਨੂੰ ਪੋਹ ਸੁਦੀ ਸਪਤਮੀ ਦੇ ਸਮਾਗਮ ਤੇ ਇਨਾਮਾਂ ਨਾਲ ਸਨਮਾਨਤ ਕੀਤਾ ਜਾਵੇਗਾ।

ਜਥੇਦਾਰ, ਅਖੰਡ ਕੀਰਤਨੀ ਜੱਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ



www.AKJ.Org

# ਸ਼ਹੀਦੀ ਭਾਈ ਮਨਸ਼ਾ ਸਿੰਘ ਜੀ

[ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿੱਖਤ]

ਖਾਲਸੇ ਲਈ ਜਦੋਂ ਤੁਰਕਾਨੀ ਕਹਿਰ ਦੁਪਹਿਰ ਵਾਂਗ ਚਮਕ ਰਿਹਾ ਸੀ, ਤਦ ਸੰਘਣੇ ਬਣਾਂ ਵਿਚ ਹੀ ਸਿਰ ਲੁਕਾਉਣ ਦੇ ਆਸਰੇ ਮਿਲਦੇ ਸੇ। ਸ਼ਹਿਰਾਂ ਜੰਗਲਾਂ ਵਿਚ ਸਿੱਖ ਦਾ ਕਿਤੇ ਪਤਾ ਨਹੀਂ ਸੀ ਲਗਦਾ। ਇਸੇ ਤਰ੍ਹਾਂ ਜਦੋਂ ਅੱਸੀ ਅੱਸੀ ਰੁਪਏ ਨੂੰ ਸਿੱਖ ਦਾ ਸਿਰ ਵਿਕਦਾ ਸੀ ਓਦੋਂ ਭਲਾ ਇਨ੍ਹਾਂ ਦੇ ਮੁੱਕਣ ਵਿਚ ਕੀ ਸੰਸਾ ਹੋ ਸਕਦਾ ਸੀ। ਸ਼ਹਿਰ ਸਿੱਖਾਂ ਲਈ ਉਜਾੜ ਹੋ ਗਏ ਅਰ ਜੰਗਲਾਂ ਵਿਚ ਵਸਤੀ ਹੋ ਗਈ। ਰਾਮਦਾਸ ਪੁਰੇ ਦਾ ਗਿਰਾਉਂ, ਜੋ ਅੱਜ ਸ੍ਰੀ ਅੰਮ੍ਰਿਤਸਰ ਦੀ ਘੁੱਘ ਵਸਦੀ ਨਗਰੀ ਸਾਰੇ ਪੰਜਾਬ ਦੀਆਂ ਵਸਤੀਆਂ ਦੀ ਰਾਣੀ ਵਸਤੀ ਹੋ ਰਹੀ ਹੈ, ਜਿਸਦੇ ਰਚਣਹਾਰ ਸਿੱਖ ਹੀ ਸੇ, ਸਿੱਖਾਂ ਤੋਂ ਖਾਲੀ ਰਹਿ ਗਈ। ਗੁਰੂ ਕੇ ਬਜ਼ਾਰ, ਚੌਂਕ ਪਾਸੀਆਂ ਵਾਲੇ ਇਲਾਕੇ ਵਿਚ ਕੁਝ ਗ਼ਰੀਬ ਖੱਤਰੀ ਦੁਕਾਨਦਾਰ ਅਰ ਹੋਰ ਮਿਹਨਤੀ ਲੋਕ ਸ਼ਹਿਰ ਦੀ ਸਾਰੀ ਵੱਸੋਂ ਰਹਿ ਗਏ ਸਨ। ਓਹ ਬੀਰ ਬਾਂਕਰੇ ਬਹਾਦਰ, ਜਿਨ੍ਹਾਂ ਦੀ ਛਬਿ ਨਾਲ ਛਬਿ ਦੀ ਛੱਬਿ ਹੈਸੀ,ਟੋਲਿਆਂ ਨਾ ਮਿਲੇ। ਸ੍ਰੀ ਦਰਬਾਰ ਸਾਹਿਬ ਜੀ ਦਾ ਕੀ ਹਾਲ ਹੋ ਗਿਆ? ਦਰਸ਼ਨੀ ਦਰਵਾਜ਼ੇ ਦਾ ਬੂਹਾ ਬੰਦ, ਦੋ ਪਹਿਰੇਦਾਰ ਬਰਕਨਦਾਜ਼ ਹਰ ਵੇਲੇ ਮੌਜੂਦ, ਵੱਡੀ ਪਰਕਰਮਾਂ ਵਿਚ ਚਾਰ ਬੰਦੂਕਚੀ ਰੌਂਦ ਵਾਸਤੇ। ਇਸ ਭੈ ਦੇ ਸਮੇਂ ਕੌਣ ਹੀਆ ਕਰੇ ਕਿ ਅੰਮ੍ਰਿਤ ਸਰੋਵਰ ਦੀ ਯਾਤਰਾ ਕਰੇ ਕਿ ਇਸ਼ਨਾਨ ਕਰ ਆਵੇ। ਜੋ ਸਿੰਘ ਬਹਾਦਰ ਪਹੁੰਚੇ ਬੀ ਸੋ ਦਰਸ਼ਨ ਤੇ ਇਸ਼ਨਾਨ ਕਰਕੇ ਸੀਸ ਨਜ਼ਰ ਕਰੇ। ਓਹ ਪਵਿਤ੍ਰ ਪੌੜ ਜੋ ਸੰਗਮਰਮਰ ਨਾਲ ਹੁਣ ਫਬ ਰਹੇ ਹਨ, ਅਰ ਜਿੱਥੇ ਅਸੀਂ ਗੱਪਾਂ ਮਾਰਦੇ ਟਹਿਲਦੇ ਹਾਂ, ਸੋ ਸੈਂਕੜੇ ਵੇਰ ਸਿੱਖਾਂ ਦੇ ਪਵਿਤ੍ਰ ਲਹੂਆਂ ਨਾਲ ਰੰਗੇ ਗਏ। ਜਿਤਨੇ ਸਿੱਖਾਂ ਦੇ ਸੀਸ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਪਰ ਲੱਗੇ ਹਨ ਜੇ ਸਾਰੇ ਕੱਠੇ ਕਰਕੇ ਪਰਕਰਮਾਂ ਵਿਚ ਬੀੜ ਕੇ ਰਖੀਏ ਤਾਂ ਫੇਰ ਬੀ ਪਤਾ ਨਹੀਂ ਸਮਾ ਸਕਣ ਕਿ ਨਹੀਂ। ਬਾਬਾ ਦੀਪ ਸਿੰਘ ਜੀ ਅਰ ਬਾਬਾ ਗੁਰਬਖਸ਼ ਸਿੰਘ ਜੀ ਨਾਲ ਕਈ ਕਈ ਹਜ਼ਾਰ ਸਿੱਖ ਇਕ ਇਕ ਦਿਨ ਵਿਚ ਹਰਿਮੰਦਰ ਦੀ ਖ਼ਾਤਰ ਜਾਨਾਂ ਪਰ ਖੇਡ ਗਿਆ ਸੀ, ਅਰ ਇਹ ਦੋਵੇਂ ਸੂਰਮੇ, ਜੋ ਲੱਖਾਂ ਤੇ ਭਾਰੂ ਸੇ, ਨਾਲ ਹੀ ਸ਼ਹੀਦ ਹੋਏ ਸੇ, ਜਿਨ੍ਹਾਂ ਦੇ ਸ਼ਹੀਦ ਗੰਜ ਸ੍ਰੀ ਅੰਮ੍ਰਿਤਸਰ ਵਿਚ ਮੌਜੂਦ ਹਨ।

ਭਲਾ ਇਸ ਭਿਆਨਕ ਸਮੇਂ, ਕਿ ਜਦ ਪਹਿਰੇ ਖੜੇ ਹਨ ਅਰ ਓਥੇ ਜਾਨ ਪਰ ਖੇਡਣਾ ਹੈ, ਸਿਦਕੀਆਂ ਤੋਂ ਬਾਝ ਕੌਣ ਸਿਰ ਸਿਰ ਬਾਜ਼ੀ ਲਾ ਕੇ ਖੇਡ ਸਕਦਾ ਸੀ? ਪਰ ਬੀਰ ਸਿਖ ਕੌਮ ਪਾਸੋਂ ਇਹ ਕਦ ਹੋ ਸਕਦਾ ਸੀ ਕਿ ਮੰਦਰ ਦੇ ਦਰਵਾਜ਼ੇ ਬੰਦ ਰਹਿਣ ਤੇ ਝਾੜੂ ਤਕ ਬੀ ਨਾ ਹੋਵੇ? ਸਾਂਦਲ ਬਾਰ ਵਿਚ ਸ੍ਰੀ ਦਰਬਾਰ ਸਾਹਿਬ ਜੀ ਦਾ ਹਾਲ ਜੋ ਪਹੁੰਚਾ ਤਦ ਭਾਈ ਮਨਸਾ ਸਿੰਘ ਜੀ ਉਠ ਖੜੇ ਹੋਏ ਤੇ ਬੋਲੇ, 'ਵਰ ਦਿਓ ਖਾਲਸਾ ਜੀ, ਸਾਡੇ ਇਸ਼ਟ ਮੰਦਰ ਦੀ ਸਾਡੇ ਬੈਠਿਆਂ ਸੇਵਾ ਵਿਸਰ ਰਹੀ ਹੈ, ਉਹ ਸੇਵਾ ਸਿਰ ਚਾਈਏ'। ਜਥੇ ਨੇ ਅਰਦਾਸਾ ਸੋਧ ਕੇ ਪਿਆਰੇ ਬੀਰ ਨੂੰ ਤੋਰ ਦਿੱਤਾ। ਸੇਵਾ ਦੀ ਮਨਸ਼ਾ ਧਾਰ ਕੇ ਮਨਸ਼ਾ ਸਿੰਘ ਹੋਰੀ ਭੇਸ ਵਟਾ ਕੇ ਅੰਮ੍ਰਿਤਸਰ ਪਹੁੰਚੇ। ਸ਼ਹਿਰ ਤੋਂ ਬਾਹਰ ਟਿਕ ਡੂੰਘੀ ਖਾਈ ਦੇ ਕਿਨਾਰੇ ਇਕ ਘੁਰਾ ਪੁੱਟਿਆ, ਜਿਸ ਵਿਚ ਬੈਠ ਕੇ ਦਿਨ ਬਿਤਾਉਣਾ। ਭੇਸ ਵਟਾ ਕੇ ਖਾਣ ਪੀਣ ਲਈ ਲਾਗੇ ਦੇ ਪਿੰਡਾਂ ਵਿਚੋਂ ਲੈ ਆਉਣਾ। ਉਧਰ ਰਾਤ ਨੇ ਹਨੇਰਾ ਕੀਤਾ ਇਧਰ ਇਹ ਸ਼ੇਰ ਦੀ ਤਰ੍ਹਾਂ ਦਬਵੇਂ ਪੈਰ ਰੱਖ ਕੇ ਅਠਸਠ ਤੀਰਥ ਪਹੁੰਚੇ, ਸਿਰ ਪਰ ਝਾੜੂ, ਘਿਉ, ਦੀਵਾ, ਵੱਟੀ ਤੇ ਸੁਆਹ ਵਿਚ ਲੁਕਾ ਕੇ ਕੁੱਜੇ ਵਿਚ ਪਾ ਕੇ ਅਗਨੀ, ਕੁਝ ਲੀਰਾਂ, ਗੰਧਕ ਤੇ ਕੱਖ ਲੈ ਕੇ ਪਹੁੰਚੇ। ਚਾਰ ਚੁਫੇਰੇ ਤਸੱਲੀ ਕਰਕੇ ਕਿ ਪਹਿਰੇਦਾਰ ਅਵੇਸਲੇ ਹਨ, ਸਰੋਵਰ ਵਿਚ ਠਿੱਲ੍ਹ ਪਏ। ਮੂਧਾ ਘੜਾ ਇਕ ਛਾਤੀ ਹੇਠ ਦੇ ਲਿਆ ਅਰ ਬੇ-ਮਲੂਮ ਪਹੁੰਚ ਪਏ। ਹਰਿ ਕੀ ਪੌੜੀ ਜਾ ਕੇ ਲੱਖ ਲੱਖ ਸ਼ੁਕਰ ਕੀਤਾ। ਆਪਣੇ ਇਸ਼ਟ! ਮੰਦਰ ਦੀ ਸਮਾਧਿ ਸਥਿਤ ਅਵਸਥਾ ਦਾ ਦਰਸ਼ਨ ਕੀਤਾ। ਫੇਰ ਅੱਗੇ ਵਧੇ, ਬੜੀ ਹਿਕਮਤ ਨਾਲ ਬੂਹਾ ਖੋਲ੍ਹ ਕੇ ਅੰਦਰ ਵੜੇ। ਗਰਦੇ ਦੇ ਢੇਰ ਲੱਗੇ ਪਏ ਤੇ ਕਹਿਣਿਆਂ ਦੇ ਜਾਲੇ ਤਣੇ ਪਏ। ਪਹਿਰ ਰਾਤ ਲੰਘ ਚੁਕੀ ਸੀ, ਪਹਿਰੇ ਸੌਂ ਚੁਕੇ ਸਨ। ਸਿੰਘ ਹੋਰਾਂ ਨੇ ਬੜੇ ਪ੍ਰੇਮ



www.AKJ.Org

ਨਾਲ ਝਾੜੂ ਦਿੱਤਾ, ਜਾਲੇ ਲਾਹੇ । ਇਕੁਰ ਕਰਦਿਆਂ ਤ੍ਰਿਪਹਿਰੇ ਦਾ ਸਮਾਂ ਢੁੱਕ ਪਿਆ । ਫੇਰ ਆਪ ਨੇ ਘੜੇ ਭਰ ਭਰ ਕੇ ਸਾਰੇ ਮੰਦਰ ਦਾ ਇਸ਼ਨਾਨ ਕਰਵਾਇਆ । ਦੀਵਾ ਤਾਂ ਪਹਿਲੇ ਹੀ ਜਗਾ ਕੇ ਰਖ ਦਿੱਤਾ ਸੀ । ਹੁਣ ਆਪ ਨੇ ਇਸ਼ਨਾਨ ਕੀਤਾ । ਅਰ ਇਕਲ-ਵੰਜੇ ਬੈਠ ਕੇ ਆਸਾ ਦੀ ਵਾਰ ਦਾ ਪਾਠ ਕੀਤਾ । ਘੁਸਮੁਸਾ ਵੇਲਾ ਅਜੇ ਨਹੀਂ ਸੀ ਹੋਇਆ ਜੋ ਸਿੰਘ ਹੋਰਾਂ ਨੇ ਗੰਧਕ ਘਿਉ ਰੂੰ ਝਾੜੂ ਘੜਾ ਸਾਫੇ ਆਦਿ ਲਟਾ ਪਟਾ ਸੰਭਾਲ ਕੇ ਰਖ ਦਿੱਤਾ ਤੇ ਦਰਵਾਜ਼ਾ ਭੀੜ ਕੇ ਜਿਸ ਰਸਤੇ ਆਏ ਸੇ ਉਸੇ ਰਸਤੇ ਚਲੇ ਗਏ ।

ਦੂਜੇ ਦਿਨ ਕੇਵਲ ਥੋੜੀ ਜੇਹੀ ਅੱਗ ਸੁਆਹ ਵਿਚ ਲੁਕਾ ਕੇ ਲੈ ਕੇ ਉਸ ਵੇਲੇ ਉਸੇ ਤਰ੍ਹਾਂ ਤਰ ਕੇ ਜਾ ਪਹੁੰਚੇ ਅਰ ਅੱਗ ਪੁਰ ਗੰਧਕ ਪਾ ਕੇ ਝਟ ਦੀਵਾ ਜਗਾ ਲਿਆ ਤੇ ਉਸੇ ਤਰ੍ਹਾਂ ਸੇਵਾ ਤੇ ਪਾਠ ਕਰ ਕੇ ਤੁਰ ਆਏ । ਇਹ ਅਤੁੱਟ ਜਾਨ ਹੂਲਵੀਂ ਸੇਵਾ, ਇਹ ਕੌਮੀ ਧਰਮ ਕੇਂਦਰ ਦਾ ਪਿਆਰ, ਇਹ ਸਿਦਕ, ਇਹ ਇਸ਼ਟ ਨਾਲ ਇਸ਼ਕ ਦਾ ਮੇਲ ਕਈ ਮਹੀਨੇ ਨਿਭਦਾ ਰਿਹਾ । ਇਕ ਦਿਨ ਕੋਈ ਹਾਕਮ ਮੰਦਰ ਨੂੰ ਦੇਖਣ ਵਾਸਤੇ ਆਇਆ । ਜਦ ਅੰਦਰ ਆਏ ਤਦ ਮੰਦਰ ਚਾਨਣਾ ਚਰਾਗ ਪਿਆ ਹੈ । ਕਿਤੇ ਘੱਟੇ ਦਾ ਨਾਂ ਨਹੀਂ, ਦੀਵਾ ਵੀ ਬਲ ਰਿਹਾ ਹੈ । ਕੁਟੀਆ ਵਿਚ ਸਫਾਈ ਦਾ ਸਾਮਾਨ ਬੀ ਧਰਿਆ ਹੈ । ਇਹ ਦੇਖ ਕੇ ਸਮਝ ਪੈ ਗਈ ਕਿ ਕਦੀ ਨਾ ਹਾਰਨ ਵਾਲੇ, ਕਦੀ ਨਾ ਡਾਂਟੇ ਜਾਣ ਵਾਲੇ, ਕਦੀ ਨਾ ਭੈ ਮੰਨਣ ਵਾਲੇ, ਪਰ ਕਦੀ ਨਾ ਘੱਟ ਨਿਕਲਣ ਵਾਲੇ, ਸਹਿਨ ਸ਼ੀਲ ਅਜਰ ਨੂੰ ਜਰਨ ਵਾਲੇ ਖਾਲਸਾ ਬਹਾਦਰ ਸਾਡੀ ਅੱਖੀਂ ਘੱਟਾ ਪਾ ਕੇ ਆਪਣੇ ਧਰਮ ਅਸਥਾਨ ਨੂੰ ਭੁੱਲ ਵਿਚ ਨਹੀਂ ਪੈਣ ਦੇਂਦੇ । ਕੋਈ ਸਿੰਘਣੀ ਮਾਂ ਦਾ ਦੁਲਾਰਾ, ਕੋਈ ਸਿੰਘ ਪਿਤਾ ਦੇ ਜਿਗਰ ਦਾ ਟੁਕੜਾ, ਕੋਈ ਪੰਥ ਦਾ ਹੀਰਾ, ਕੋਈ ਅੰਮ੍ਰਿਤ ਦਾ ਅਮਰ ਹੋਇਆ ਸੂਰਾ ਰਾਤੀਂ ਕਿਸੇ ਵੇਲੇ ਰੋਜ਼ ਆ ਕੇ ਸੇਵਾ ਕਰ ਜਾਂਦਾ ਹੈ ।

ਹੁਣ ਕਹਿਰਾਂ ਦੀ ਰਾਤ ਆਈ । ਛੈਹਾਂ ਮਾਰ ਕੇ ਪਹਿਰੇ ਬਿਠਾਏ ਗਏ । ਬੇਖ਼ਬਰ ਭਾਈ ਮਨਸ਼ਾ ਸਿੰਘ ਜੀ ਆਏ, ਤਾਰਿਆਂ ਦੇ ਚਾਨਣੇ ਵਿਚ ਦੀਹਦਾ ਤਾਂ ਕੁਝ ਨਹੀਂ, ਪਰ ਜੋ ਆਤਮਾ ਵਾਹਿਗੁਰੂ ਦੀ ਯਾਦ ਨਾਲ ਹੌਲੇ ਫੁੱਲ ਹੋਏ ਹੁੰਦੇ ਹਨ ਉਨ੍ਹਾਂ ਪਰ ਸੰਕਲਪਾਂ ਦਾ ਅਸਰ ਪੈ ਜਾਇਆ ਕਰਦਾ ਹੈ, ਹਰਿਮੰਦਰ ਦਾ ਵਾਯੂ ਮੰਡਲ, ਜੋ ਐਸ ਵੇਲੇ ਨਿਰੋਲ ਹੁੰਦਾ ਸੀ, ਅੱਜ ਭਾਈ ਜੀ ਪਰ ਦਬਾਵਾਂ ਅਸਰ ਕਰ ਰਿਹਾ ਹੈ, ਵਿਚਾਰਦੇ ਹਨ ਕਿ ਇਥੇ ਅਜ ਕੁਝ ਹੈ, ਪਰ ਮਨ ਦੇ ਖੋਜੀ ਜੀ ਇਹ ਵਿਚਾਰਦੇ ਹਨ ਕਿ ਮਤਾਂ ਮਨ ਸੇਵਾ ਤੋਂ ਅਲਸਾਉਂਦਾ ਹੋਵੇ ਅਰ ਸਾਨੂੰ ਬੇਮੁਖ ਕਰਦਾ ਹੋਵੇ । ਇਹ ਭਾਰ ਮਨ ਦੇ ਆਲਸ ਦਾ ਨਾ ਹੋਵੇ, ਇਹ ਵਿਚਾਰ ਕੇ ਅਰਦਾਸਾ ਸੋਧਿਆ, ਭੁੱਲ ਬਖਸ਼ਾਈ । ਫੇਰ ਅਠਸਠ ਤੀਰਥ ਪਰ ਇਕ ਪੌੜੀ ਉਤਰੇ । ਪੈਰ ਨਹੀਂ ਉਤਰਦੇ । ਭਾਈ ਜੀ ! ਤੁਹਾਡ ਨਿਰਮਲ ਮਨ ਧੋਖਾ ਨਹੀਂ ਕਰ ਰਿਹਾ, ਇਸਦੇ ਕਹੇ ਲਗ ਜਾਓ ! ਪਰ ਹਾਇ ਮਨਮਤਿ ਤੋਂ ਡਰਦੇ ਗੁਰਮੁਖ ਸਿੰਘ ਜੀ ਆਪਣੇ ਸ਼ੀਸ਼ੇ ਹਿਰਦੇ ਦੀ ਪਰਵਾਹ ਨਾ ਕਰਦੇ ਠਿੱਲ੍ਹ ਪਏ । ਹਰਿ ਕੀ ਪੌੜੀ ਪਹੁੰਚੇ । ਬੂਹਾ ਖੋਲ੍ਹਿਆ; ਦੀਵਾ ਜਗਾਇਆ । ਸੇਵਾ ਕੀਤੀ, ਫੇਰ ਬੈਠ ਕੇ ਆਸਾ ਦੀ ਵਾਰ ਉਚਾਰੀ, ਭੋਗ ਪਾਇਆ, ਅਰਦਾਸਾ ਸੋਧਿਆ, ਡੰਡੌਤ ਕੀਤੀ. ਸਾਮਾਨ ਸਾਂਭਿਆ, ਬੂਹਾ ਢੋਇਆ, ਅਰ ਹਰਿ ਕੀ ਪੌੜੀ ਅੱਪੜੇ, ਪੌੜੀ ਉਤਰੇ : ਔਹ ਕੀ ਹੋਇਆ ? ਅੱਗ ਜਿਹੀ ਚਮਕੀ, ਤੋੜਾ ਦਾਗਿਆ ਗਿਆ, ਗੋਲੀ ਚੱਲੀ । ਭਾਈ ਜੀ ਤ੍ਰਹਿਕੇ ਤ੍ਰਬ੍ਹਕੇ ਨਹੀਂ । ਸ਼ੇਰ ਦੇ ਭਾਣੇ ਕਿਸੇ ਦਾਣੇ ਦੇ ਭੁੱਜਣ ਦਾ ਤੜਾਕਾ ਹੈ । ਪਲ ਕੁ ਖੜੋ ਕੇ ਚਾਰ ਚੁਫੇਰੇ ਤੱਕਿਆ, ਹਨੇਰੇ ਵਿਚ ਕੀ ਨਜ਼ਰ ਪਵੇ, ਸਲਾਹ ਕੀਤੀ ਕਿ ਅੱਜ ਦੱਖਣ ਦੀ ਨੁਕਰੇ ਚੱਲ ਲੱਗੀਏ, ਅਰ ਮੁਰਦਾ ਤਾਰੀ ਤਰੀਏ, ਪਰ ਕਿਥੇ, ਇਕ ਪੌੜੀ ਉਤਰੇ ਹੀ ਸੇ ਕਿ ਫੇਰ ਬੰਦੂਕ ਚੱਲੀ, ਚਲੀ ਤਾਂ ਸਹੀ, ਪਰ ਨਿਸ਼ਾਨਾ ਭਾਈ ਹੁਰੀਂ ਨਹੀਂ ਹਨ । ਅਜੇ ਤੀਜਾ ਪੌੜ ਉਤਰੇ ਨਹੀਂ ਸਨ ਕਿ ਚਾਰ ਬਲੀ ਪਠਾਣਾਂ ਨੇ ਝੱਟ ਬਾਹੋਂ ਫੜ ਲਿਆ । 'ਮਰਦੂਦ ਕਹਾਂ ਜਾਤਾ ਹੈ ?' ਭਾਈ ਜੀ ਡਰੇ ਨਹੀਂ, ਜਾਣੋ ਇਸ ਦਿਹਾੜੇ ਨੂੰ ਹਰ ਵੇਲੇ ਸਿਰ ਤੇ ਪਹੁਤਾ ਜਾਣਦੇ ਸੀ । ਪਰਤ ਕੇ ਕੀ ਦੇਖਦੇ ਹਨ ਕਿ ਇਕ ਗਾਰਦ ਦੀ ਗਾਰਦ ਹੀ ਖੜੀ ਹੈ । ਝਟ ਪਟ ਮੁਸ਼ਕਾਂ ਕੱਸੀਆਂ ਗਈਆਂ ਤੇ ਬੰਦੀਖਾਨੇ ਵਿਚ ਪਹੁੰਚਾਏ ਗਏ । ਦਿਨ ਹੋਇਆ, ਹਰਿ ਕੀ ਪੌੜੀ ਦੇ ਕਿਨਾਰੇ ਤੁਰਕ ਹਾਕਮ ਇਕੱਠੇ ਆ ਬੈਠੇ । ਭਾਈ ਜੀ ਬੱਝੇ ਬਝਾਏ ਇਕ ਰੱਸੇ ਨਾਲ ਬੰਨ੍ਹ ਕੇ ਅੰਮ੍ਰਿਤ



www.AKJ.Org

ਵਿਚ ਸਿੱਟੇ ਗਏ । ਜਿਸ ਵੇਲੇ ਦੋ ਚਾਰ ਗ਼ੋਤੇ ਆ ਗਏ, ਫੇਰ ਕੱਢ ਕੇ ਬਾਹਰ ਰੱਖ ਦਿੱਤਾ ਤੇ ਤਮਾਸ਼ਬੀਨਾਂ ਨ ਕਿਹਾ, "ਕਿਉਂ ਬੇ ! ਫਿਰ ਸਰਕਾਰੀ ਹੁਕਮ ਕੇ ਉਲਟ ਕਰੇਗਾ ?' ਪਰ ਸਿੰਘ ਹੋਰੀਂ ਤਾਂ ਸੁਖਮਨੀ ਸਾਹਿਬ ਦੇ ਪਾਠ ਵਿਚ ਲੱਗੇ ਹੋਏ ਹਨ, ਜਵਾਬ ਕੌਣ ਦੇਵੇ । ਫਿਰ ਗ਼ੋਤੇ ਦੇ ਕੇ 'ਕਿਆ ਮੁਸਲਮਾਨ ਹੋਗਾ ?' ਬੋਲੋ ਕੌਣ ? ਫਿਰ ਗ਼ੋਤੇ ਦਿੱਤੇ । ਇਕੁਰ ਘੰਟਾ ਕੁ ਖਪਾ ਖਪਾ ਤੇ ਹੈਰਾਨ ਕਰ ਕਰ ਕੇ ਫਿਰ ਅੰਮ੍ਰਿਤ ਵਿਚ ਸਿੱਟਿਆ । ਅਰ ਇਕ ਬਰਕਨਦਾਜ਼ ਨੇ ਡੁਬਦੇ ਸਿੰਘ ਹੋਰਾਂ ਨੂੰ ਗੋਲੀ ਦਾ ਨਿਸ਼ਾਨਾ ਕਰ ਦਿੱਤਾ । ਪਵਿਤ੍ਰ ਦੇਹ ਪਵਿਤ੍ਰ ਅੰਮ੍ਰਿਤ ਵਿਚ ਲੀਨ ਹੋ ਗਈ । ਆਤਮਾ ਪਿਆਰੇ ਪਿਤਾ ਦੇ ਚਰਨਾਂ ਵਿਚ ਪਹੁੰਚੀ । ਧੰਨ ਸਿੱਖੀ ! ਧੰਨ ਸਿੱਖੀ ! ਪੰਥ ਨੂੰ ਕੀ ਪਤਾ ਲਗਣਾ ਸੀ ਕਿ ਪਿਆਰਾ ਕੀ ਕਰ ਗਿਆ ਹੈ, ਪਰ ਤੁਰਕ ਹਾਕਮਾਂ ਨੇ ਡਰ ਬਿਠਾਉਣ ਪਿੱਛੇ ਇਸ ਨੂੰ ਉੱਘਾ ਕੀਤਾ, ਪਰ ਭੈ ਨਾ ਦੇਣ ਵਾਲੇ ਕਦ ਡਰ ਮੰਨਦੇ ਹਨ ।

---

# ਕੁਰਬਾਨੀ ਦਾ ਪੁੰਜ ਖ਼ਾਲਸਾ

[ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ, ਗੁੜਗਾਉਂ]

ਜਦੋਂ ਦਾ ਦਸਮੇਸ਼ ਜੀ ਨੇ ਖ਼ਾਲਸਾ ਇਹ ਸਾਜਿਆ ਏ, ਕਰਦਾ ਰਿਹੈ ਟਾਕਰੇ ਤੂਫਾਨਾਂ ਨਾਲ ਰੱਜ ਕੇ ।
ਬੈਠਾ ਨਹੀਂ ਨਿਚੱਲਾ ਨੇ, ਨਾ ਸਮੇਂ ਨੇ ਹੈ ਬਹਿਣ ਦਿੱਤਾ, ਲੜਦਾ ਰਿਹੈ ਜ਼ਾਲਮਾਂ ਬਈਮਾਨਾਂ ਨਾਲ ਰੱਜ ਕੇ ।
ਜੰਗਲੀਂ ਵਸੇਬਾ ਚੜ੍ਹਿਆ ਰਿਹਾ ਘੋੜ-ਕਾਠੀਆਂ ਤੇ, ਘੁਲਦਾ ਰਿਹਾ ਮੁਗ਼ਲਾਂ ਅਫ਼ਗਾਨਾਂ ਨਾਲ ਜੱਗ ਤੇ ।
ਭੰਨ 'ਤੇ ਬੁਥਾੜ ਇਸ ਨਾਦਰਾਂ ਅਬਦਾਲੀਆਂ ਦੇ, 'ਮਿੱਤਰ' ਜੀ ਤਲਵਾਰਾਂ ਕਿਰਪਾਨਾਂ ਨਾਲ ਜੱਗ ਤੇ ।੧।

ਜੋ ਵੀ ਆਇਆ ਹਾਕਮ ਉਸ ਵਾਹ ਲਾਈ ਪੂਰੀ ਪੂਰੀ, ਸਦਾ ਲਈ ਖ਼ਾਲਸੇ ਨੂੰ ਜਗ ਤੋਂ ਮਿਟਾਣ ਦੀ ।
ਕੌੜੀ ਵੇਲ ਵਾਂਗ ਪਰ ਇਹ ਵਧਦਾ ਹੀ ਰਿਹਾ ਸਦਾ, ਮੁਕ ਗਏ ਮੁਕਾਣ ਵਾਲੇ ਦੁਨੀਆ ਹੈ ਜਾਣਦੀ ।
ਘਲੂਘਾਰੇ ਹੋਏ ਮਣਾਂ ਮੂੰਹੀਂ ਖ਼ੂਨ ਡੁਲ੍ਹਿਆ, ਹੈ ਕੌਣ ? ਕਿਹਦਾ ਪੁੱਤ ? ਨਾ ਸੀ ਨਜ਼ਰ ਪਹਿਚਾਣਦੀ ।
ਕੋਹਾਂ ਦਿਆਂ ਘੇਰਿਆਂ 'ਚ ਲੋਥਾਂ ਦੇ ਸਥਾਰ ਲੱਗੇ, ਲੜਦਾ ਰਿਹਾ ਖਾਲਸਾ ਲੜਾਈ ਅਣਖ ਆਣ ਦੀ ।੨।

ਥੋੜਾ ਜਿਹਾ ਸਮਾਂ ਇਹਨੇ ਰਾਜ ਭਾਗ ਮਾਣਿਆ, ਤੇ ਫੇਰ ਆਈ ਅਪਦਾ ਉਹ ਐਸ਼ਵਰਜ ਖੋ ਗਿਆ ।
ਬਦੋਵਾਲ, ਮੁਦਕੀ, ਸਭਰਾਵਾਂ ਦਿਆਂ ਯੁੱਧਾਂ ਵਿਚ, ਗੋਰਿਆਂ ਮੁਕਾਬਲੇ ਇਹ ਸ਼ੇਰ ਬਣ ਖਲੋ ਗਿਆ ।
ਕਟਾ ਵੱਢ ਕੀਤੀ ਜਿਵੇਂ ਤੇਗਾਂ ਨਾਲ ਰਣ ਤੱਤੇ, ਧਰਤੀ ਦਾ ਕਣ ਕਣ ਲਹੂ-ਰੰਗਾ ਹੋ ਗਿਆ ।
ਕਾਬੂ ਕੀਤਾ ਦੇਸ਼ ਪਾਰੋਂ ਆਏ ਚਿਟ-ਚਮੜਿਆਂ ਨੇ, ਅਖੀਆਂ ਦੇ ਬੂਹੇ 'ਰਣਜੀਤ' ਜਦੋਂ ਢੋ ਗਿਆ ।੩।

ਕੈਰੀ ਅੱਖ ਨਾਲ ਸਦਾ ਵੇਖਿਆ ਫਰੰਗੀਆਂ ਨੇ, ਜੇਲ੍ਹਾਂ ਵਿਚ ਸੁੱਟਿਆ ਬਹਾਨੇ ਲਾ ਲਾ ਕੇ ।
ਫਾਂਸੀ ਦਿਆਂ ਤਖਤਿਆਂ ਤੇ ਚਾੜ੍ਹਿਆ ਤਸੀਹੇ ਦਿੱਤੇ, ਕੁੰਦਨ ਵਾਂਗ ਨਿਖਰਿਆ ਇਹ ਮਾਰਾਂ ਖਾ ਖਾ ਕੇ ।
ਜੈਤੋ ਵਾਲਾ ਮੋਰਚਾ, ਗੁਰੂ ਕੇ ਬਾਗ ਵਾਲੇ ਦੁਖ, ਮਾਰਿਆ ਸੀ ਜ਼ਾਲਮਾਂ ਨੇ ਜਦੋਂ ਢਾਹ ਢਾਹ ਕੇ ।
ਦੇਸ਼ ਧਰਮ ਵਾਸਤੇ ਜੋ ਦਿੱਤੀਆਂ ਕੁਰਬਾਨੀਆਂ ਨੇ, 'ਮਿੱਤਰ' ਵੇਖੋ ਪਤਰੇ ਇਤਿਹਾਸ ਦੇ ਉਲਟਾ ਕੇ ।੪।



www.AKJ.Org

# ਅਕਾਲੀ ਜੀ ਦਾ ਰਹਿਤਵਾਨ ਤੇ ਬਿਬੇਕੀ ਜੀਵਨ

[ਵਲੋਂ :—ਸ: ਅਤਰ ਸਿੰਘ ਜੀ]

ਅਕਾਲੀ ਕੌਰ ਸਿੰਘ ਜੀ "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ" ਦੇ ਗੁਰਵਾਕ ਅਨੁਸਾਰ ਸਦਾ ਸਬਰ, ਸੰਤੋਖ, ਭਾਣੇ ਅਤੇ ਰਜ਼ਾ ਵਿਚ ਰਹਿਣ ਵਾਲੇ ਪੂਰਨ ਗੁਰਸਿਖ ਸਨ। ਜਿਤਨਾ ਉਨ੍ਹਾਂ ਦਾ ਸੰਤੋਖੀ, ਬਿਬੇਕੀ ਤਥਾ ਸੰਤੁਸ਼ਟ ਜੀਵਨ ਸੀ, ਉਤਨਾ ਹੋਰ ਕਿਸੇ ਦਾ ਬਹੁਤ ਹੀ ਘਟ ਦੇਖਣ ਵਿਚ ਆਉਂਦਾ ਹੈ। ਸੱਚ ਤਾਂ ਹੈ ਕਿ ਉਹ ਆਪਣੀ ਮਿਸਾਲ ਆਪ ਹੀ ਸਨ।

ਸਤਿਗੁਰਾਂ ਦੇ ਹੁਕਮਾਂ ਦੀ ਪਾਲਣਾ ਹੀ ਉਨ੍ਹਾਂ ਦਾ ਜੀਵਨ-ਅੰਗ ਬਣ ਗਿਆ ਸੀ, ਤੇ ਉਹ ਸਦਾ ਹੀ ਗੁਰੂ ਪੰਥ ਦੀ ਨਿਸ਼ਕਾਮ ਸੇਵਾ ਵਿਚ ਜੁਟੇ ਰਹਿੰਦੇ ਸਨ। ਸਭ ਕੁਝ ਹੋਰਨਾਂ ਦੇ ਲਾਭਾਂ ਹਿਤ ਕਰਨਾ ਤੇ ਆਪਣੀ ਜ਼ਰਾ ਵੀ ਪਰਵਾਹ ਨਾ ਕਰਨੀ, ਇਹ ਉਨ੍ਹਾਂ ਦਾ ਸੁਭਾ ਹੀ ਬਣ ਚੁਕਾ ਸੀ।

ਅੰਤ ਸਮੇਂ ਤੋਂ ਪਹਿਲਾਂ ਜਦ ਉਹ ਗਿਆਨੀ ਨਿਰੰਜਨ ਸਿੰਘ ਜੀ, ਹਰੀ ਜੀ ਤੇ ਹੋਰ ਗੁਰਮੁਖਾਂ ਨਾਲ ਗੁਰਮਤਿ ਪ੍ਰਚਾਰ ਹਿਤ ਮਾਲਵੇ ਇਲਾਕੇ ਵਿਚ ਗਏ ਤਾਂ ਆਪ ਨੇ ਹਫ਼ਤਾ ਭਰ ਪ੍ਰਸ਼ਾਦ ਬਗੈਰ ਹੀ ਗੁਜ਼ਾਰ ਦਿਤਾ। ਗੱਲ ਇਹ ਸੀ ਕਿ ਸਾਥੀ ਜਥੇ ਦੇ ਸਜਣਾਂ ਨੂੰ ਪਤਾ ਨਹੀਂ ਸੀ ਕਿ ਆਪ ਪੂਰਨ ਬਿਬੇਕੀ ਹਨ ਤੇ ਪ੍ਰਸ਼ਾਦ ਆਪ ਹੀ ਤਿਆਰ ਕਰ ਕੇ ਛਕਦੇ ਹਨ, ਜਾਂ ਅੰਮ੍ਰਿਤਧਾਰੀ ਅਥਵਾ ਨਿਤਨੇਮੀ ਸਿੰਘ ਸਿੰਘਣੀ ਦਾ ਤਿਆਰ ਕੀਤਾ ਛਕਦੇ ਹਨ। ਇਸ ਇਲਾਕੇ ਵਿਚ ਅੰਮ੍ਰਿਤਧਾਰੀ ਸਿੰਘ ਤਾਂ ਘਟ ਹੀ ਸਨ ਤੇ ਆਪ ਨੇ ਉਨ੍ਹਾਂ ਦੇ ਪ੍ਰਸ਼ਾਦੇ ਦੀ ਜਾਚਨਾ ਹੀ ਨਾ ਕੀਤੀ। ਆਖ਼ਰ ਪਤਾ ਲਗਾ ਤਾਂ ਸਾਥੀ ਜਥੇ ਨੇ ਬੜਾ ਅਫ਼ਸੋਸ ਕੀਤਾ। ਪਰੰਤੂ ਆਪ ਨੇ ਕਿਹਾ, "ਤੁਸੀਂ ਕੋਈ ਅਫ਼ਸੋਸ ਨਾ ਕਰੋ, ਰਜ਼ਾ ਐਸੀ ਹੀ ਸੀ।"

ਜੋ ਮਿਲੇ ਛਕਣਾ, ਤੇ ਜਿਤਨਾ ਮਿਲੇ ਉਸੇ ਨਾਲ ਸੰਤੁਸ਼ਟ ਰਹਿਣਾ, ਤੇ ਫਿਰ ਵੰਡ ਛਕਣਾ ਉਨ੍ਹਾਂ ਦਾ ਪੱਕਾ ਕਰਤੱਵ ਸੀ। ਜਦ ਪ੍ਰਸ਼ਾਦ ਥਾਲ ਵਿਚ ਪ੍ਰੋਸਣਾ ਤਾਂ ਉਚੀ ਸੁਰ ਨਾਲ ਆਵਾਜ਼ਾ ਦੇਣਾ, "ਆਓ ਗੁਰੂ ਕੇ ਪਿਆਰਿਓ, ਪ੍ਰਸ਼ਾਦ ਤਿਆਰ ਹੈ, ਗਫੇ ਲਾਓ।" ਕੁਝ ਘੜੀਆਂ ਇੰਤਜ਼ਾਰ ਮਗਰੋਂ 'ਤ੍ਵ ਪ੍ਰਸਾਦਿ ਭਰਮ ਕਾ ਨਾਸ' ਆਖ, ਕਿਰਪਾਨ ਭੇਟ ਕਰ, ਪਾਸ ਬੈਠੇ ਪ੍ਰੇਮੀ ਜਾਂ ਘਰੋਗੀ ਜੀਵਾਂ ਵਿਚ ਬੁਰਕੀ ਬੁਰਕੀ ਸਣੇ ਦਾਲ ਭਾਜੇ ਦੇ ਵਰਤਾ ਕੇ ਫਿਰ ਆਪ ਛਕਣਾ। ਜੇ ਕੋਈ ਛੋਟਾ ਬਾਲਕ ਪਾਸ ਬੈਠਾ ਹੋਵੇ, ਉਸ ਨੂੰ ਆਪਣੀ ਹਥੇਲੀ ਪਰ ਰਖ ਕੇ ਆਦਰ ਨਾਲ ਹੱਥ ਅਗੇ ਕਰਨਾ (ਦੂਰੋਂ ਨਹੀਂ ਸਨ ਦਿੰਦੇ)। ਜੋ ਸਬਜ਼ਾ ਭਾਜਾ ਆਂਦਾ, ਸਭ ਸਣੇ ਛਿਲਕਿਆਂ ਹੀ ਰਲਗਡ ਕਰ ਕੇ ਤਿਆਰ ਕਰਨਾ। ਇਸ ਵਿਚ ਕਿਤਨਾ ਅੰਮ੍ਰਿਤ-ਮਈ ਸਵਾਦ ਹੁੰਦਾ ਸੀ, ਉਹ ਆਪ ਦੇ ਪ੍ਰੇਮੀ ਜਾਣਦੇ ਹਨ। ਉਨ੍ਹਾਂ ਦੇ ਹੱਥ ਦੇ ਪੱਕੇ ਹੋਏ ਮੋਟੇ ਮੋਟੇ ਭਠੂਰਿਆਂ ਵਰਗੇ ਪ੍ਰਸ਼ਾਦੇ, ਆਹ! ਕਿਤਨੇ ਹੀ ਸਵਾਦੀ ਹੁੰਦੇ ਸਨ!

ਆਪ ਸਦਾ ਹੀ ਵਾਹਿਗੁਰੂ ਦੀ ਰਜ਼ਾ ਵਿਚ ਵਿਚਰਦੇ ਸਨ ਤੇ ਭਾਣੇ ਨੂੰ ਅਟੱਲ ਕਰ ਕੇ ਮੰਨਦੇ ਤੇ ਹੋਰਨਾਂ ਨੂੰ ਮੰਨਣ ਦੀ ਜਾਚ ਸਿਖਲਾਂਦੇ ਸਨ। ਹਰ ਦੁਖ ਸੁਖ ਵਿਚ ਅਡੋਲ ਰਹਿ ਕੇ ਗੁਰੂ ਦਾ ਸ਼ੁਕਰ ਮਨਾਂਦੇ ਸਨ। ਉਨ੍ਹਾਂ ਦੇ ਨੇੜੇ ਕੋਈ ਰਿਸ਼ਤਾ ਹੱਡ ਚੰਮ ਖ਼ੂਨ ਦਾ ਨਹੀਂ ਸੀ, ਉਹ ਹਰ ਸਿਖ ਨੂੰ ਹੀ ਗੁਰੂ ਕੀ ਅੰਸ ਸਮਝ ਕੇ ਆਪਣਾ ਵਡਾ ਰਿਸ਼ਤੇਦਾਰ ਸਮਝਦੇ ਤੇ ਸਭ ਕੁਝ ਪੰਥ ਦੇ ਲਾਭ ਲਈ ਕਰਦੇ ਸਨ।

ਆਪ ਨੂੰ ਬਾਹਰ ਰਹਿੰਦਿਆਂ ਜਦ ਖ਼ਬਰ ਪੁਜੀ ਕਿ ਮਾਤਾ ਜੀ ਚਲਾਣਾ ਕਰ ਗਏ ਹਨ ਤਦ ਆਪ ਨੇ ਕੋਈ ਅਫ਼ਸੋਸ ਨਹੀਂ ਕੀਤਾ, ਸੁਣਦੇ ਸਾਰ ਗੱਜ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹ' ਗਜਾਈ ਤੇ ਉਠ ਖੜੇ ਹੋਏ, ਹੱਥ ਜੋੜ ਸ਼ੁਕਰਾਨੇ ਵਿਚ ਆਏ, ਅਰਦਾਸ ਕੀਤੀ ਤੇ ਕਿਹਾ, "ਹੇ ਵਾਹਿਗੁਰੂ, ਤੇਰੇ ਭਾਣੇ ਵਿਚ ਮਾਤਾ ਜੀ ਕਮਰਕਸਾ ਕਰ ਗਏ ਹਨ, ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੋ ਤੇ ਪਿਛੇ ਸੰਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰੋ।" ਆਪ ਦੇ ਅਨੇਕ ਸੰਬੰਧੀ ਗੁਜ਼ਰੇ, ਕਦੇ ਵੀ ਆਪ ਨੇ ਕੋਈ ਦੁਖ



www.AKJ.Org

ਮਹਿਸੂਸ ਨਹੀਂ ਕੀਤਾ।

ਇਕ ਵੇਰਾਂ ਗਿਆਨੀ ਊਧਮ ਸਿੰਘ ਜੀ ਦਿਲੀ ਵਿਖੇ ਸਖ਼ਤ ਬਿਮਾਰ ਹੋ ਗਏ। ਸੰਗਤ ਵਿਚ ਕਥਾ ਲਈ ਹਾਜ਼ਰ ਨਹੀਂ ਹੋ ਸਕੇ। ਤਾਂ ਸੰਗਤ ਨੇ ਅਕਾਲੀ ਜੀ ਨੂੰ ਮਜਬੂਰ ਕੀਤਾ ਤੇ ਕਿਹਾ, "ਅਕਾਲੀ ਜੀ, ਅਰਦਾਸ ਕਰੋ ਗਿਆਨੀ ਜੀ ਦਾ ਦੁਖ ਕਲੇਸ਼ ਦੂਰ ਹੋਵੇ।" ਤਾਂ ਆਪ ਨੇ ਇਹ ਅਰਦਾਸ ਕੀਤੀ–

"ਹੇ ਵਾਹਿਗੁਰੂ, ਤੂੰ ਆਪਣੇ ਸਿਖ ਨੂੰ ਸ਼ਕਤੀ ਪ੍ਰਦਾਨ ਕਰ ਕਿ ਉਹ ਦੁਖ ਵਿਚ ਸੁਖ ਮਨਾਏ ਤੇ ਤੇਰੇ ਭਾਣੇ ਨੂੰ ਮਿੱਠਾ ਕਰ ਕੇ ਮੰਨੇ।" ਗਿਆਨੀ ਜੀ (ਜੋ ਨਾਲ ਦੇ ਕਮਰੇ ਵਿਚ ਪਏ ਸਨ) ਨੇ ਸੁਣ ਕੇ ਅਕਾਲੀ ਜੀ ਨੂੰ ਬੇਨਤੀ ਕੀਤੀ, "ਮਹਾਰਾਜ! ਆਪ ਨੇ ਅਰਦਾਸ ਵਿਚ ਮੇਰੀ ਦੁਖ-ਨਵਿਰਤੀ ਦਾ ਤਾਂ ਨਾਉਂ ਨਹੀਂ ਲਿਆ, ਇਹ ਕੀ ਗੱਲ ਹੈ?" ਤਾਂ ਆਪ ਜੀ ਮਿੱਠਾ ਜਿਹਾ ਮੁਸਕਰਾ ਕੇ ਕਹਿਣ ਲਗੇ, "ਸਿੰਘ ਸਾਹਿਬ, ਆਪ ਗੁਰੂ ਘਰ ਦੇ ਪ੍ਰਚਾਰਕ ਹੋ, ਇਸ ਲਈ ਮੈਨੂੰ ਖ਼ਿਆਲ ਆ ਗਿਆ ਕਿ ਜੇ ਆਪ ਵੀ ਦੁਖ-ਨਵਿਰਤੀ ਦੀ ਮੰਗ ਕਰੋ ਤਾਂ ਜਦ ਕਥਾ ਕਰਦਿਆਂ ਕਿਤੇ ਸੁਭਾਵਕ ਆਪ ਦੇ ਸਾਮ੍ਹਣੇ ਇਹ ਵਾਕ ਆ ਗਿਆ ਕਿ–'ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ'* ਤਾਂ ਆਪ ਇਸ ਦੇ ਅਰਥ ਕਿਸ ਮੂੰਹ ਨਾਲ ਕਰੋਗੇ। ਇਸ ਲਈ ਥੋੜਾ ਆਪ ਦਾ ਬਚਾਉ ਕਰ ਦਿਤਾ ਹੈ।" ਕਿੰਨੀ ਮਿੱਠੀ ਟਕੋਰ ਸੀ ਅਤੇ ਕਿੰਨਾ ਉਚਾ ਸਿਧਾਂਤ ਸੀ ਉਨ੍ਹਾਂ ਦਾ ਸਿਖ ਦੀ ਅਰਦਾਸ ਬਾਰੇ। ਧੰਨ ਸਨ ਅਕਾਲੀ ਜੀ, ਜਿਨ੍ਹਾਂ ਨੇ ਉਮਰ ਭਰ ਇਸ ਮਹਾਂਵਾਕ ਤੇ ਪੂਰੀ ਤਰ੍ਹਾਂ ਅਮਲ ਕੀਤਾ–

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥੨੨॥੨॥ ਤਿਲੰਗ ਮਹਲਾ ੪, ਪੰਨਾ ੭੨੬

ਪ੍ਰਸ਼ਾਦ ਉਹ ਅਜ਼ਮਾਏ ਹੋਏ ਰਹਿਤਧਾਰੀ ਸਿੰਘ ਸਿੰਘਣੀ ਪਾਸੋਂ ਛਕਦੇ ਸਨ। ਇਕ ਵੇਰ ਗਿਆਨੀ ਊਧਮ ਸਿੰਘ ਜੀ ਨੇ ਬਹੁਤ ਜ਼ੋਰ ਲਾਇਆ ਕਿ ਪ੍ਰਸ਼ਾਦ ਉਨ੍ਹਾਂ ਦੇ ਘਰ ਛਕਣਾ ਪਰਵਾਨ ਕਰੋ। ਪਰ ਆਪ ਨਾ ਮੰਨੇ। ਆਖ਼ਰ ਬਹੁਤ ਮਜਬੂਰ ਕਰਨ ਪਰ ਆਪ ਨੇ ਇਸ ਤਰ੍ਹਾਂ ਕਿਹਾ–

"ਸਿੰਘ ਸਾਹਿਬ ਪ੍ਰਸ਼ਾਦ ਆਪ ਹੀ ਤਿਆਰ ਕਰੋਗੇ।"

ਗਿਆਨੀ ਜੀ, "ਹਾਂ ਮਹਾਰਾਜ, ਆਪ ਹੀ ਕਰਾਂਗਾ।"

ਅਕਾਲੀ ਜੀ, "ਸਿੰਘ ਸਾਹਿਬ, ਚੰਗਾ ਜ਼ਿਮੇਵਾਰੀ ਆਪ ਦੀ ਹੀ ਹੈ, ਕਿਉਂਕਿ ਮੈਂ ਤਿਆਰ-ਬਰ-ਤਿਆਰ ਸਿੰਘ ਪਾਸੋਂ ਹੀ ਪ੍ਰਸ਼ਾਦ ਛਕ ਸਕਦਾ ਹਾਂ।"

ਤਦ ਗਿਆਨੀ ਜੀ ਨੇ ਆਪਣੇ ਹੱਥੀਂ ਪ੍ਰਸ਼ਾਦ ਤਿਆਰ ਕਰ ਕੇ ਛਕਾਇਆ।

ਕਿਸੇ ਸਿੰਘ ਦਾ ਸੁਣਦੇ ਕਿ ਉਸ ਨੇ ਰਹਿਤ ਵਿਚ ਕੋਈ ਢਿਲ ਕੀਤੀ ਹੈ ਜਾਂ ਕਰ ਰਿਹਾ ਹੈ ਤਾਂ ਆਪ ਹਨੇਰੇ ਸਵੇਰ ਉਸ ਪਾਸ ਉਸ ਦੇ ਘਰ ਜਾ ਪੁਜਦੇ ਤੇ ਬੜੇ ਪ੍ਰੇਮ ਨਾਲ ਸਮਝਾ ਬੁਝਾ ਦਿੰਦੇ। ਤੇ ਉਸ ਪਰ ਇਸ ਗੱਲ ਦਾ ਬੜਾ ਅਸਰ ਹੁੰਦਾ ਸੀ। ਆਪ ਵਾਪਸ ਤਾਂ ਮੁੜਦੇ ਜਦ ਉਹ ਅਗੋਂ ਲਈ ਤਿਆਰ-ਬਰ-ਤਿਆਰ ਹੋਣ ਦਾ ਪ੍ਰਣ ਕਰ ਲੈਂਦਾ।

ਉਹ ਹਰ ਸਿੰਘ ਸਿੰਘਣੀ ਨੂੰ ਉਨ੍ਹਾਂ ਦੇ ਫ਼ਰਜ਼ ਪੂਰੀ ਤਰ੍ਹਾਂ ਸਮਝਾ ਬੁਝਾ ਦਿੰਦੇ ਸਨ। ਆਪ ਜਿਸ ਨੂੰ ਮਿਲਦੇ, ਬੜੇ ਗਹੁ ਨਾਲ ਇਕ ਵਾਰ ਝਾਕ ਲੈਂਦੇ ਸਨ। ਗਿ: ਊਧਮ ਸਿੰਘ ਜੀ ਨੇ ਦਸਿਆ ਕਿ ਇਕ ਵੇਰ ਇਕ ਸਿੰਘ ਸਾਹਿਬ ਦੇ ਬਹੁਤ ਮਜਬੂਰ ਕਰਨ ਪਰ, ਉਸ ਨੂੰ ਆਪ ਅਕਾਲੀ ਜੀ ਦੇ ਦਰਸ਼ਨਾਂ ਲਈ ਗੁਰਦੁਆਰਾ ਬੰਗਲਾ ਸਾਹਿਬ ਦਿਲੀ ਵਿਖੇ ਲੈ ਗਏ। ਗਿਆਨੀ ਜੀ ਅਤੇ ਇਹ ਸਿੰਘ ਸਾਹਿਬ ਜਦ ਫਤਹ ਗਜਾ ਕੇ ਬੈਠ ਗਏ ਤਾਂ ਆਪ ਨੇ ਇਕ ਨਜ਼ਰ ਭਰ ਕੇ ਉਸ ਵਲ ਤਕਿਆ ਤੇ ਪੁਛਿਆ–

"ਸਿੰਘ ਸਾਹਿਬ, ਇਹ ਆਪ ਨੇ ਦਾੜ੍ਹੇ ਦੀ ਸੇਵਾ ਰੰਗ ਦੁਆਰੇ ਕੀਤੀ ਹੈ?" ਸਿੰਘ ਨੇ ਉੱਤਰ ਦਿਤਾ,

*ਸੂਹੀ ਅਸ਼ਟ: ਮਹਲਾ ੪ ਘਰੁ ੨, ਪੰਨਾ ੫੭



www.AKJ.Org

ਆਪ ਬੀਤੀ ਜਗ ਬੀਤੀ–

# 'ਹਕ ਪਰਾਇਆ ਨਾਨਕਾ'–ਆਖ਼ਰ ਕਿਉਂ ?

[ਸ: ਸੰਤਾ ਸਿੰਘ ਜੀ ਆਜਿਜ਼, 29-ਸੀ, ਊਧਮ ਸਿੰਘ ਨਗਰ, ਲੁਧਿਆਣਾ]

ਡਡੋਮਾ-ਟੁਨਜ਼ਾਨੀਆ ਈਸਟ ਅਫਰੀਕਾ––੧੯੭੫ ਸ਼ਾਮ ਦੇ ਪੰਜ ਵਜੇ ਹਨ। ਅਸੀਂ ਰੇਲਵੇ ਲੋਕੋ-ਸ਼ੈਡ ਦੇ ਵਰਕਰ ਆਪਣੀ ਡਿਊਟੀ ਤੋਂ ਫਾਰਗ ਹੋ ਕੇ ਆਪੋ ਆਪਣੇ ਕਵਾਟਰਾਂ ਵਲ ਪਰਤ ਰਹੇ ਹਾਂ। ਸਾਡਾ ਸਕਾਟਿਸ਼ ਗੋਰਾ ਫੋਰਮੈਨ ਮੇਰੇ ਨਾਲ ਪੈਦਲ ਸਹਿਜੇ ਸਹਿਜੇ ਗੱਲਾਂ ਕਰਦਾ ਹੋਇਆ ਚਲ ਰਿਹਾ ਹੈ। ਅਚਾਨਕ ਮੈਨੂੰ ਕੋਈ ਵਸਤੂ ਧਰਤੀ ਤੇ ਗਿਰੀ ਹੋਈ ਨਜ਼ਰੀ ਪਈ ਤੇ ਦੂਜੇ ਪਲ ਉਹ ਵਸਤੂ ਮੇਰੀ ਮੁੱਠੀ ਵਿਚ ਸੀ।

ਇਹ ਇਕ ਕੀਮਤੀ ਬਟੂਆ ਸੀ, ਜੋ ਕਿ ਕਿਸੇ ਅਭਾਗੇ ਦਾ ਗ਼ਫ਼ਲਤ ਵਿਚ ਗਿਰ ਗਿਆ ਹੋਵੇਗਾ। ਮੈਂ ਤੇ ਫੋਰਮੈਨ ਦੋਵੇਂ ਇਸ ਨੂੰ ਖੋਲ੍ਹਦੇ ਹਾਂ। ਵਾਹ ਵਾਹ, ਇਕ ਵਡੀ ਰਕਮ ਇਸ ਵਿਚ ਮੌਜੂਦ ਹੈ। ਇਹ ਬਟੂਆ ਜ਼ਰੂਰ ਕਿਸੇ ਤਕੜੀ ਮਾਲਦਾਰ ਆਸਾਮੀ ਦਾ ਹੋਵੇਗਾ। ਹੁਣ ਸੁਆਲ ਉਠਿਆ ਕਿ ਇਸ ਵਡੀ ਰਕਮ ਦਾ ਕੀ ਕੀਤਾ ਜਾਵੇ ? ਜਲਦੀ ਹੀ ਮੇਰੇ ਦਿਮਾਗ ਵਿਚ ਇਸਦਾ ਹਲ ਆ ਗਿਆ ਤੇ ਮੈਂ ਫ਼ੌਰਨ ਅੱਧੀ ਰਕਮ ਫੋਰਮੈਨ ਦੀ ਮੁੱਠੀ ਵਿਚ ਤੇ ਅੱਧੀ ਬਟੂਏ ਸਮੇਤ ਆਪਣੇ ਕਬਜ਼ੇ ਵਿਚ ਕਰ ਲੈਂਦਾ ਹਾਂ।

ਪਰ ਇਹ ਕੀ ? ਫ਼ੋਰਮੈਨ ਦੀਆਂ ਭਵਾਂ ਤਣ ਗਈਆਂ ਤੇ ਚੇਹਰਾ ਗੁੱਸੇ ਨਾਲ ਲਾਲ ਸੁਰਖ਼ ਹੋ ਗਿਆ। ਮੇਰੇ ਹਥੋਂ ਬਟੂਆ ਰਕਮ ਸਮੇਤ ਖੋਹ ਕ ਤੇ ਆਪਣੀ ਅਧੀ ਰਕਮ ਵੀ ਬਟੂਏ ਵਿਚ ਪਾ ਕੇ ਹੁਕਮੀਆ ਲਹਿਜੇ ਵਿਚ ਮੈਨੂੰ ਖਿਚਦਾ ਧਕੇਲਦਾ ਪੁਲੀਸ ਸਟੇਸ਼ਨ ਵਲ ਚਲਣ ਲਈ ਹੁਕਮ ਦੇਂਦਾ ਹੈ। ਮੇਰੇ ਇਨਕਾਰ ਤੇ ਇਸਰਾਰ ਕਰਨ ਤੇ ਕਿ ਇਹ ਰਕਮ ਸਾਨੂੰ ਰਸਤੇ ਵਿਚ ਪ੍ਰਈ ਮਿਲੀ ਹੈ, ਇਸ ਤੇ ਸਾਡਾ ਪੂਰਾ ਪੂਰਾ ਹੱਕ ਬਣਦਾ ਹੈ, ਉਹ ਕਤਈ ਮੰਨਦਾ ਹੀ ਨਹੀਂ। ਉਸਦੇ ਵਿਚਾਰ ਅਨੁਸਾਰ ਇਸ ਰਕਮ ਤੇ ਸਾਡਾ ਕੋਈ ਹੱਕ ਹੀ ਨਹੀਂ ਹੈ, ਕਿਉਂਕਿ ਇਹ ਅਸਾਂ ਖ਼ੂਨ ਪਸੀਨਾ ਡੋਲ੍ਹ ਕੇ ਨਹੀਂ ਕਮਾਈ। ਪਰ ਮੈਂ ਅਜੇ ਵੀ ਅੜਦਾ ਹਾਂ ਤੇ ਹੱਠ ਫੜਦਾ ਹਾਂ ਕਿ ਇਹ ਰਕਮ ਸਾਨੂੰ ਪਰਮਾਤਮਾ ਵਲੋਂ ਤੋਹਫੇ ਦੇ ਤੌਰ ਤੇ ਮਿਲੀ ਹੈ, ਇਸ ਲਈ ਇਸ ਤੇ ਸਾਡਾ ਪੂਰਾ ਹੱਕ ਬਣਦਾ ਹੈ।

ਇਹ ਦਲੀਲ ਸੁਣ ਕੇ ਫ਼ੋਰਮੈਨ ਮੈਨੂੰ ਬੜੇ ਠਰ੍ਹੰਮੇ ਨਾਲ ਪੁਛਦਾ ਹੈ ਕਿ ਮਿਸਟਰ ਸਿੰਘ, ਤੂੰ ਤਾਂ ਜ਼ਰੂਰ ਗਾਇ ਦਾ ਗੋਸ਼ਤ ਖਾ ਲੈਂਦਾ ਹੋਵੇਂਗਾ ? ਹੁਣ ਮੈਂ ਤੜਪ ਉਠਦਾ ਹਾਂ ਤੇ ਗਰਜ ਕੇ ਜਵਾਬ ਦਿੰਦਾ ਹਾਂ ਕਿ ਮਿਸਟਰ ਸਮਿਥ, ਬੇਸ਼ੱਕ ਮੈਂ ਗੁਰੂ ਨਾਨਕ ਜੀ ਦਾ ਇਕ ਅਦਨਾ ਜਿਹਾ ਸਿਖ ਹਾਂ, ਗਾਇ ਗੋਸ਼ਤ ਖਾਣਾ ਤਾਂ ਕਿਤੇ ਰਿਹਾ, ਮੈਂ

---

✿"ਜੀ ਹਾਂ।" ਅਕਾਲੀ ਜੀ ਨੇ ਪੁਛ ਕੀਤੀ, "ਸਿੰਘ ਸਾਹਿਬ, ਕੀ ਕੰਮ ਕਰਦੇ ਹੋ ?" ਉਸ ਨੇ ਉਤਰ ਦਿਤਾ, "ਮੈਂ ਮਿਲਟਰੀ ਵਿਚ ਨੌਕਰ ਸਾਂ ਤੇ ਹੁਣ ਰੀਟਾਇਰ ਹੋ ਗਿਆ ਹਾਂ।" ਅਕਾਲੀ ਜੀ ਨੇ ਕਿਹਾ, "ਸਿੰਘ ਸਾਹਿਬ, ਤਦ ਇਸ ਦਾੜ੍ਹੇ ਨੂੰ ਵੀ ਰੰਗ ਤੋਂ ਰੀਟਾਇਰ ਕਰ ਦਿਓ।" ਇਹ ਸੁਣ ਕੇ ਉਸ ਸਿੰਘ ਨੇ ਗਿਆਨੀ ਜੀ ਨੂੰ ਕਿਹਾ ਕਿ "ਮੈਂ ਇਥੇ ਆ ਕੇ ਆਪਣੀ ਬੇਇਜ਼ਤੀ ਕਰਾਈ ਹੈ। ਇਨ੍ਹਾਂ ਨੇ ਤਾਂ ਰਾਈ ਭਰ ਵੀ ਮੇਰਾ ਲਿਹਾਜ਼ ਨਹੀਂ ਕੀਤਾ।"

ਇਹ ਸੁਣ ਕੇ ਅਕਾਲੀ ਜੀ ਨੇ ਬੜੀ ਹਲੀਮੀ ਅਵਾਜ਼ ਨਾਲ ਕਿਹਾ–

"ਸਿੰਘ ਸਾਹਿਬ, ਜੇ ਮੈਂ ਆਪ ਦੀ ਬੇਇਜ਼ਤੀ ਕੀਤੀ ਹੈ ਤਾਂ ਤੁਸੀਂ ਮੇਰੀ ਕਰ ਦਿਓ, ਅਤੇ ਜੀਅ ਚਾਹੇ ਤਾਂ ਮੈਨੂੰ ਭਾਵੇਂ ਕੰਨੋਂ ਫੜ ਕੇ ਬਾਹਰ ਕਢ ਦਿਓ। ਪਰ ਅੱਜ ਤੋਂ ਦਾੜ੍ਹੀ ਨਹੀਂ ਰੰਗਣਾ।"

ਇਹ ਸੁਣ ਕੇ ਉਹ ਫੌਜੀ ਸਿੰਘ ਜੀ ਬੜੇ ਸ਼ਰਮਸਾਰ ਹੋਏ ਤੇ ਮਾਫ਼ੀ ਦੀ ਚਾਹਨਾ ਕੀਤੀ। ਕਹਿਣ ਲਗੇ, "ਮੈਂ ਪ੍ਰਣ ਕਰਦਾ ਹਾਂ ਕਿ ਹੁਣ ਕਦੇ ਉਮਰ ਪ੍ਰਯੰਤ ਇਹ ਕੰਮ ਨਹੀਂ ਕਰਾਂਗਾ।" ਇਹ ਸਿੰਘ ਸਾਹਿਬ ਇਸ ਕੀਤੇ ਪ੍ਰਣ ਨੂੰ ਨਿਭਾ ਰਹੇ ਹਨ।



www.AKJ.Org

ਉਸ ਵਲ ਤਕਣਾ ਵੀ ਹਰਾਮ ਸਮਝਦਾ ਹਾਂ ਤੇ ਨਾ ਹੀ ਮੈਂ ਅਜਿਹੀ ਬਕਵਾਸ ਸੁਣਨ ਵਾਸਤੇ ਤਿਆਰ ਹਾਂ, ਅਜਿਹੀ ਲਚਰ ਇਲਜ਼ਾਮ-ਬਾਜ਼ੀ ਬੰਦ ਕਰੋ ।

ਇਹ ਤਰਕ ਸੁਣ ਕੇ ਫ਼ੋਰਮੈਨ ਮੈਨੂੰ ਬੜੇ ਵਿਸ਼ਵਾਸ ਵਿਚ ਲੈ ਕੇ ਦਸਦਾ ਹੈ ਕਿ ਮਿਸਟਰ ਸਿੰਘ, ਇਕ ਦਫ਼ਾ ਮੈਨੂੰ ਭਾਰਤ ਵਿਚ ਲਾਹੌਰ ਵਿਖੇ ਸਿਖਾਂ ਦੇ ਧਾਰਮਕ ਦੀਵਾਨ ਵਿਚ ਸ਼ਾਮਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ । ਜਿਥੇ ਤੁਹਾਡੇ ਵਡੇ ਪਾਦਰੀ ਨੇ ਮੈਨੂੰ ਗੁਰੂ ਨਾਨਕ ਦੇ ਪਾਕ ਕਲਾਮ ਦਾ ਅਰਥ ਅੰਗਰੇਜ਼ੀ ਵਿਚ ਤਰਜਮਾ ਕਰ ਕੇ ਸੁਣਾਇਆ । ਉਸ ਪਵਿਤਰ ਕਲਾਮ ਵਿਚ ਗੁਰੂ ਜੀ ਨੇ ਪਰਾਏ ਧਨ ਨੂੰ ਮੁਸਲਿਮ ਵਾਸਤੇ ਸੂਅਰ ਤੇ ਹਿੰਦੂ ਸਿਖਾਂ ਵਾਸਤੇ ਗਾਏ ਦੇ ਗੋਸ਼ਤ ਖਾਣ ਤੁਲ ਫ਼ੁਰਮਾਇਆ ਸੀ । ਤੂੰ ਆਪਣੇ ਆਪ ਨੂੰ ਗੁਰੂ ਨਾਨਕ ਦਾ ਸਿਖ ਬੜੇ ਫ਼ਖਰ ਨਾਲ ਕਹਿਲਾਉਂਦਾ ਹੈਂ, ਪਰ ਫਿਰ ਵੀ ਤੂੰ ਇਸ ਅਣ-ਕਮਾਏ ਤੇ ਪਰਾਏ ਧਨ ਨੂੰ ਜਫਾ ਮਾਰ ਕੇ ਗਾਏ ਦਾ ਗੋਸ਼ਤ ਖਾਣ ਤੇ ਕਿਉਂ ਤੁਲ ਗਿਆ ਹੈਂ ?

ਇਤਨਾ ਸੁਣ ਕੇ ਮੇਰੀ ਤਣੀ ਹੋਈ ਗਰਦਨ ਸ਼ਰਮ ਨਾਲ ਝੁਕ ਗਈ ਤੇ ਆਪਣੇ ਗੁਰੂ ਵਲੋਂ ਬੇਮੁਖਤਾ ਦੀ ਸਾਂਗ ਸੀਨੇ ਵਿਚ ਖੁਭ ਗਈ । ਮੈਂ ਆਪਣੇ ਮਨ ਵਿਚ ਗੁਰੂ ਨਾਨਕ ਪਾਤਸ਼ਾਹ ਨੂੰ, ਇਸ ਘੋਰ ਕੁਕਰਮ ਨੂੰ ਫ਼ੋਰਮੈਨ ਰਾਹੀਂ ਅਸਫਲ ਬਣਾਉਣ ਲਈ ਲਖ ਲਖ ਨਮਸਕਾਰ ਕੀਤਾ ਤੇ ਆਖ਼ਰ ਫ਼ੋਰਮੈਨ ਦੇ ਨਾਲ ਪੁਲੀਸ-ਸਟੇਸ਼ਨ ਪੁਜ ਕੇ ਸਾਰੀ ਦੀ ਸਾਰੀ ਰਕਮ ਜਮ੍ਹਾ ਕਰਵਾ ਦਿਤੀ ।

ਵਾਪਸੀ ਤੇ ਫ਼ੋਰਮੈਨ ਦੇ ਮਨ ਵਿਚ ਅਨੋਖਾ ਹੁਲਾਸ ਤੇ ਚੇਹਰੇ ਤੇ ਅਨੂਠਾ ਜਲਾਲ ਸੀ, ਪਰ ਮੇਰਾ ਮਨ ਡਾਢਾ ਉਦਾਸ ਤੇ ਚੇਹਰੇ ਤੇ ਮਲਾਲ ਸੀ । ਮੇਰਾ ਪਸ਼ੇਮਾਨ ਮਨ ਮੈਨੂੰ ਬਾਰ ਬਾਰ ਲਾਅਨਤਾਂ ਪਾਉਂਦਾ ਹੋਇਆ ਕੋਸ ਰਿਹਾ ਸੀ ਕਿ ਇਕ ਗ਼ੈਰ-ਸਿਖ ਤਾਂ ਸਿਰਫ ਇਕ ਵਾਰੀ ਹੀ ਗੁਰੂ ਨਾਨਕ ਜੀ ਦਾ ਪਵਿਤਰ ਕਲਾਮ ਸੁਣ ਕੇ ਉਮਰ ਭਰ ਨਹੀਂ ਭੁਲਿਆ ਪਰ ਅਸੀਂ ਉਸ ਦੇ ਸਿਖ ਸਦਾਉਂਦੇ ਹੋਏ ਵੀ ਹਜ਼ਾਰਾਂ ਵਾਰ ਉਹੀ ਪਵਿਤਰ ਕਲਾਮ ਸੁਣ ਕੇ ਤੇ ਪੜ੍ਹ ਕੇ ਵੀ ਕਿਉਂ ਭੁਲ ਜਾਂਦੇ ਹਾਂ ਤੇ ਕਿਉਂ ਪਰਾਇਆ ਹੱਕ ਖਾਣ ਤੇ ਤੁਲ ਜਾਂਦੇ ਹਾਂ ? ਕਿਉਂ ? ਆਖ਼ਰ ਕਿਉਂ ?

---

## ਫ਼ਿਰਕੂ ਸਦਭਾਵਨਾ ?

ਪ੍ਰਾਪਤ ਸੂਚਨਾਵਾਂ ਮੁਤਾਬਕ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਰਿਸ਼ੀਕੇਸ਼ ਨੂੰ ਵੀ ਲੁੱਟ ਲਿਆ ਗਿਆ ਤੇ ਸਾਰੀਆਂ ਬਿਲਡਿੰਗਾਂ ਵਿਚੋਂ ਇਕ ਵੀ ਕਮਰਾ ਸਾਬਤ ਨਹੀਂ ਰਿਹਾ । ਸਿਖਾਂ ਦੇ ਇਸ ਭਾਰੀ ਮਾਲੀ ਨੁਕਸਾਨ ਨੂੰ ਪੂਰਾ ਹੋਣ ਤੇ ਕੁਝ ਸਮਾਂ ਲਗੇਗਾ ਪਰ ਸਿਖਾਂ ਦੀਆਂ ਧਾਰਮਕ ਭਾਵਨਾਵਾਂ ਜੋ ਵਲੂੰਧਰੀਆਂ ਗਈਆਂ ਹਨ, ਉਹਦਾ ਅੰਦਾਜ਼ਾ ਕਥਨੀ ਤੋਂ ਬਾਹਰ ਦੀ ਗੱਲ ਹੈ । ਖਾਲਸਾ ਸਮਾਚਾਰ, ੧੫-੧੧-੮੪

---

## ਹੁਲੜ-ਬਾਜ਼ੀ ਦੇ ਪੀੜਤ ਵੀਰ ਤੇ ਭੈਣਾਂ ਨਵੇਂ ਐਡਰੈਸ ਭੇਜਣ

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿਛੋਂ, ਗੁੰਡਾ-ਗਰਦੀ ਦੇ ਸ਼ਿਕਾਰ ਹੋਏ ਜਿਨ੍ਹਾਂ ਵੀਰਾਂ ਭੈਣਾਂ ਦੇ 'ਸੂਰਾ' ਦੇ ਚੰਦੇ ਖਤਮ ਹੋ ਗਏ ਹਨ, ਉਨ੍ਹਾਂ ਦੇ ਐਡਰੈਸਾਂ ਵਿਚ ਜੇ ਕੋਈ ਤਬਦੀਲੀ ਹੈ ਤਾਂ ਉਹ ਲਿਖ ਭੇਜਣ । ਜੇ ਚੰਦੇ ਖਤਮ ਹਨ ਤਾਂ ਭੇਜਣ ਦੀ ਲੋੜ ਨਹੀਂ । ਅਸੀਂ ਉਨ੍ਹਾਂ ਦੇ ਪਰਚੇ ਸਾਰਾ ਸਾਲ ਜਾਰੀ ਰਖਾਂਗੇ ।

## ਪਰਦੇਸੀ ਅਮਾਨਤੀ ਲਾਈਫ਼ ਮੈਂਬਰ ਬਕਾਏ ਛੇਤੀ ਭੇਜਣ

ਫ਼ਰਵਰੀ 1984 ਤੋਂ ਪਰਦੇਸ ਲਈ ਡਾਕ ਖ਼ਰਚ ਵਿਚ ਬਹੁਤ ਸਾਰਾ ਵਾਧਾ ਹੋ ਜਾਣ ਕਾਰਨ ਮਜਬੂਰਨ ਪਰਦੇਸੀ ਚੰਦੇ ਆਦਿ ਵਧਾਉਣੇ ਪਏ ਹਨ, ਜੋ ਹੇਠ ਲਿਖੇ ਅਨੁਸਾਰ ਹਨ—

**ਸਮੁੰਦਰੀ ਡਾਕ**—ਚੰਦਾ ਸਭ ਦੇਸਾਂ ਲਈ 35–00 ਅਮਾਨਤੀ ਲਾਈਫ਼ ਮੈਂਬਰ 350–00

**ਹਵਾਈ ਡਾਕ**—ਚੰਦਾ ਅਰਬ ਮਲਾਇਆ ਆਦਿ 55–00, ਯੂ.ਕੇ. ਅਫ਼ਰੀਕਾ 75–00 ਅਤੇ ਕੈਨੇਡਾ ਅਮਰੀਕਾ 90–00 ਸਾਲ

**ਅਮਾਨਤੀ ਲਾਈਫ਼ ਮੈਂਬਰ**— ,, ,, ,, 550-00, ,, ,, 750–00 ,, ,, 900–00

ਅਮਾਨਤੀ ਲਾਈਫ਼ ਮੈਂਬਰ ਉਪਰੋਕਤ ਵਾਧੇ ਅਨੁਸਾਰ ਬਾਕੀ ਰਕਮ ਹੋਰ ਭੇਜਣ ਦੀ ਕਿਰਪਾਲਤਾ ਕਰਨ, ਤਾਂ ਕਿ ਉਹ ਰਕਮ ਬੈਂਕ ਵਿਚ ਉਨ੍ਹਾਂ ਦੇ ਲੇਖੇ ਜਮ੍ਹਾ ਹੋਵੇ ਅਤੇ ਉਸ ਦੇ ਸੂਦ ਨਾਲ ਡਾਕ ਦਾ ਵਾਧੂ ਖ਼ਰਚ ਪੂਰਾ ਕੀਤਾ ਜਾ ਸਕੇ । ਦਾਸ–ਮੈਨੇਜਰ

www.AKJ.Org

# ਸ਼ਹੀਦ ਭਾਈ ਤਾਰਾ ਸਿੰਘ ਜੀ "ਵਾਂ" (੩)

[ਕੈਪਟਿਨ ਸਵਰਨ ਸਿੰਘ ਜੀ]

ਦੁੱਧ ਦਹੀਂ, ਘਿਉ ਤੇ ਲੱਸੀ, ਜਿਸ ਦੀ ਪੰਜਾਬ ਭਰ ਤੇ ਮਾਝੇ ਵਿਚ ਖਾਸ ਕਰਕੇ, ਕਦੇ ਵੀ ਥੁੜ ਨਹੀਂ ਰਹੀ, ਮਝੈਲਾਂ ਦੀ ਖੁਰਾਕ ਦਾ ਵੱਡਾ ਅੰਗ ਹਨ। ਇਹੋ ਕਾਰਨ ਹੈ ਕਿ ਮਾਝੇ ਵਿਚ ਵਡੇ ਵਡੇ ਕਦਾਵਰ ਜੁਆਨ ਤੇ ਭਲਵਾਨ ਹੋਏ ਹਨ, ਜਿਵੇਂ ਫਤਹ ਸਿੰਘ ਵਲਟੋਹਾ, ਕਿਕਰ ਸਿੰਘ ਘਣੀਏ ਕੇ, ਸ਼ਾਮ ਸਿੰਘ ਕਾਲੇ, ਹਮੀਦਾ, ਗਾਮਾ, ਮੰਗਲ ਸਿੰਘ ਤਰਗਾ, ਗੰਡਾ ਸਿੰਘ ਜੋਹਲ, ਸੁਰਜਨ ਸਿੰਘ ਡਲੀਰੀ, ਅਰਜਨ ਸਿੰਘ ਢੋਟੀਆਂ, ਪੂਰਨ ਸਿੰਘ ਸੇਰੋਂ, ਕਰਮ ਸਿੰਘ ਮੁੰਡਾ ਪਿੰਡ, ਬਿਸ਼ਨ ਸਿੰਘ ਕਾਦੀ ਵਿੰਡ ਤੇ ਅਜ ਦੇ ਸਮੇਂ ਦੇ ਦਾਰਾ ਸਿੰਘ ਹੁਰੀਂ ਦੇਵਾਂ ਵਰਗੇ ਦਰਸ਼ਨੀ ਜੁਆਨ, ਜਿਨ੍ਹਾਂ ਦਾ ਦੁਨੀਆ ਨੇ ਲੋਹਾ ਮੰਨਿਆ ਤੇ ਅੱਜ ਵੀ ਮੰਨਦੀ ਹੈ। ਕਾਰਨ? ਦੁੱਧ ਦੀ ਬਹੁਤਾਤ। ਇਹੋ ਸਬੱਬ ਹੈ ਕਿ ਮਾਝੇ ਵਾਲਿਆਂ ਦਾ ਆਪਣੇ ਮਾਲ-ਡੰਗਰ ਨਾਲ ਅਤਿਅੰਤ ਪਿਆਰ ਹੁੰਦਾ ਹੈ। ਇਸ ਪਿਆਰ ਦੀ ਝਲਕ ਮਝੈਲਾਂ ਦੇ ਮੇਲ-ਮੁਲਾਕਾਤ ਵੇਲੇ ਵੀ ਪੂਰੀ ਨਜ਼ਰ ਆਉਂਦੀ ਹੈ। ਮਿਲਣ ਵਾਲੇ ਦੋਵੇਂ ਸੱਜਣ ਫਤਹ ਤੋਂ ਪਿਛੋਂ ਘਰ ਬਾਰ ਦੀ ਸੁਖ ਸਾਂਦ ਨਾਲ ਮਾਲ ਡੰਗਰ ਤੇ ਲਵੇਰੇ ਬਾਰੇ ਵੀ ਜ਼ਰੂਰ ਪੁਛਦੇ ਹਨ। ਜੇ ਘਰ ਵਿਚ ਚੰਗੀਆਂ ਦੁਧੈਲ ਮਝਾਂ, ਵਧੀਆ ਬਲਦਾਂ ਦੀ ਜੋੜੀ ਤੇ ਚੜ੍ਹਨ ਨੂੰ ਸੋਹਣਾ ਘੋੜਾ ਘੋੜੀ ਹੈ, ਫੇਰ ਮਝੈਲ ਦੀ ਕੋਈ ਛਬ ਵੇਖੇ। ਜੱਟ ਭਗਤ ਬਣ ਕੇ ਤੇ ਰੱਬ ਦੀ ਭਗਤੀ ਵਿਚ ਲੀਨ ਹੋ ਕੇ ਵੀ ਆਪਣੇ ਮਾਲ-ਡੰਗਰ ਤੇ ਆਪਣੀ ਖੁਰਾਕ ਬਾਰੇ ਨਹੀਂ ਭੁਲਦਾ। ਭਗਤ ਕਬੀਰ ਜੀ ਥਾਂ ਰੱਬ ਤੋਂ ਮੰਗਣ ਵੇਲੇ ਐਵੇਂ ਥੋੜੀ ਜਿਹੀ ਖਿਚੜੀ ਦੇ ਰਾਸ਼ਨ ਤੇ ਹੀ ਬਸ ਕਰ ਗਏ, ਪਰ ਧੰਨੇ ਭਗਤ ਨੇ ਆਪਣਾ ਜਟਅਊ ਵਿਖਾ ਦਿਤਾ ਹੈ—ਦਾਲ, ਘਿਉ, ਸੱਤ ਸੀਆਂ ਲਾ ਕੇ ਪਕਾਈ ਕਣਕ, ਲਵੇਰੀ ਗਾਂ, ਮੱਝ ਤੇ ਚੜ੍ਹਨ ਲਈ ਅਰਬੀ ਘੋੜੀ ਨਹੀਂ ਭੁਲਿਆ*।

ਰੱਜ ਕੇ ਛਕਣਾ ਛਕਾਉਣਾ, ਕਸਰਤ, ਸੌਂਚੀ, ਘੋਲ, ਕੌਡੀ, ਰੱਸਾ, ਛਾਲਾਂ, ਮੁਗਦਰ, ਮੁੰਗਲੀਆਂ, ਵੀਣੀ ਫੜਨੀ, ਗੋਲਾ ਸੁਟਣਾ, ਗਤਕੇ-ਬਾਜ਼ੀ, ਨੇਜ਼ੇ-ਬਾਜ਼ੀ, ਡਾਂਗ ਸੋਟਾ, ਦੰਗਾ-ਫਸਾਦ, ਮਾਲ ਨਾਲ ਪਿਆਰ ਤੇ ਮਾਲ ਚਾਰਨਾ ਮਝੈਲਾਂ ਦੇ ਖੂਨ ਵਿਚ ਹੈ। ਪਹਿਲਿਆਂ ਸਮਿਆਂ ਵਿਚ ਮਾਲ ਚਾਰਨ ਦਾ ਰਿਵਾਜ ਸਿਖਰ ਤੇ ਸੀ। ਕਾਫ਼ੀ ਰਕਬਾ ਜੰਗਲਾਂ ਬੇਲਿਆਂ ਨੇ ਨੱਪਿਆ ਹੋਇਆ ਸੀ ਤੇ ਮਾਲ ਚਾਰਨ ਲਈ ਬੜੀਆਂ ਬੜੀਆਂ ਖੁਲ੍ਹੀਆਂ ਚਰਾਂਦਾਂ ਹੋਇਆ ਕਰਦੀਆਂ ਸਨ।

ਮਾਲ ਚਾਰਨ ਵਿਚ ਸਿਰਹਾਲੀ, ਰਾਜਾ ਜੰਗ (ਹੁਣ ਪਾਕਿਸਤਾਨ), ਤੇ ਮੰਕਲ (ਪਾਕਿਸਤਾਨ) ਬਹੁਤ ਪ੍ਰਸਿਧ ਸਨ। ਰਾਵੀ ਦੇ ਖੱਬੇ ਕੰਢੇ ਢਾਹੇ ਲਾਗੇ ਵਸਿਆ ਪਿੰਡ ਈਚੋਗਿਲ ਉਤਾੜ ਹੈ (ਹੁਣ ਪਾਕਿਸਤਾਨ ਵਿਚ), ਜਿਸ ਦੇ ਉੱਤਰ ਵਿਚ ਪਿੰਡ ਰਾਣੀਆਂ ਅਤੇ ਕੱਕੜ ਹਨ (ਇਹ ਦੋਵੇਂ ਹਿੰਦੁਸਤਾਨ ਵਿਚ ਹਨ ਤੇ ਐਨ ਸਰਹੱਦ ਲਾਗੇ ਹਨ) ਅਤੇ ਈਚੋਗਿਲ ਉਤਾੜ ਵੀ ਮਾਲ ਚਾਰਨ ਵਿਚ ਉਘਾ ਸੀ ਤੇ ਇਹ ਮੁਢ ਤੋਂ ਈ ਰਾਠ ਜੱਟਾਂ ਦੀ ਵਸੋਂ ਰਿਹਾ ਸੀ। ਇਥੋਂ ਦੇ ਬੁਟਰ ਗੋਤ ਦੇ ਜੱਟ ਬੜੇ ਮਾਰ-ਖੋਰੇ ਸਨ ਤੇ ਲਾਗੇ ਬੰਨੇ ਇਨ੍ਹਾਂ ਦਾ ਬੜਾ ਦਬਦਬਾ ਸੀ। ਹਰ ਸਾਲ ਵਖ ਵਖ ਢਾਣੀਆਂ ਬਣਾ ਕੇ ਇਹ ਦੂਰ ਤਕ ਮਾਲ ਡੰਗਰ ਲੈ ਕੇ ਚਲੇ ਜਾਂਦੇ।

ਇਕ ਵਾਰ ਕੁਝ ਢਾਣੀਆਂ ਨੇ ਅਲਗੋਂ† ਵਾਲੇ ਥੇਹ ਤੇ ਆਣ ਡੇਰਾ ਲਾਇਆ ਤੇ ਆਸ ਪਾਸ ਪਸ਼ੂ ਚਾਰਨ

* ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੬੯੫

† ਸ੍ਰੀ ਅੰਮ੍ਰਿਤਸਰ ਭਿਖੀਵਿੰਡ ਖੇਮਕਰਨ ਵਾਲੀ ਸੜਕ ਤੇ ਭਿਖੀਵਿੰਡੋਂ ਸਤ ਕਿਲੋ ਮੀਟਰ ਅੱਗੇ ਅਲਗੋਂ ਪਿੰਡ ਹੈ। ਰਕਬੇ ਦੇ ਲਿਹਾਜ ਨਾਲ ਬੜਾ ਵੱਡਾ ਪਿੰਡ ਹੈ। ਇਹ ਥੇਹ ਸੜਕੋਂ ਸੱਜੇ ਹੱਥ ਅਧਾ ਕੁ ਕਿਲੋ ਮੀਟਰ ਹਟ ਕੇ ਹੈ। ਅੱਜ ਵੀ ਮੌਜੂਦ ਹੈ।



www.AKJ.Org

ਲਗੇ। ਏਥੋਂ ਹੀ ਇਹ ਚਾਰਦੇ ਚਾਰਦੇ "ਵਾਂ"* ਦੀ ਜੂਹ ਵਿਚ ਜਾ ਨਿਕਲੇ। ਇਨ੍ਹਾਂ ਛੇੜੂਆਂ ਨੇ "ਵਾਂ" ਦੀ ਜੂਹ ਵਿਚ ਚਰ ਕੇ ਮੂੜੀਆਂ ਲਵੇਰੀਆਂ ਬਲੇ ਦੁੱਧ ਕੁਝ ਵਧਿਆ ਵੇਖਿਆ। ਪੰਜ ਸਤ ਦਿਨਾਂ ਦੇ ਇਸ ਤਜਰਬੇ ਨੇ ਉਨ੍ਹਾਂ ਨੂੰ ਇਹ ਨਿਸਚਾ ਕਰਾ ਦਿਤਾ ਕਿ ਇਹ ਸਭ ਇਸ ਜੂਹ ਦੇ ਘਾਹ-ਪੱਠੇ ਵਿਚ ਹੀ ਬਰਕਤ ਹੈ। ਹੁਣ ਅਲਗੋਂ ਥੇਹ ਵਾਲਾ ਸਾਰਾ ਮਾਲ ਇਸ ਪਾਸੇ ਹੀ ਆਉਣ ਲੱਗ ਪਿਆ। "ਵਾਂ" ਦੇ ਬਾਂਭੇ (ਬਲੂਣ) ਖਤਰੀਆਂ ਨੇ ਇਤਰਾਜ਼ ਕੀਤਾ ਤੇ ਇਨ੍ਹਾਂ ਲੋਕਾਂ ਨੂੰ ਆਪਣੀ ਮਾਲਕੀ ਵਿਚ ਪਸੂ ਚਰਾਉਣੋਂ ਵਰਜਿਆ। ਗੱਲ ਜਦ ਵਧ ਕੇ ਡਾਂਗ ਸੋਟੇ ਤੇ ਆਈ ਤਾਂ ਖਤਰੀ ਰਿਤ ਗਏ। ਇਹ ਲੋਕ ਜਦ ਈਚੋਗਿਲ ਨੂੰ ਵਾਪਸ ਗਏ ਤਾਂ "ਵਾਂ" ਦੀ ਚਰਾਂਦ ਦੇ ਘਾਹ ਦਾ ਡਾਢਾ ਚਰਚਾ ਹੋਇਆ। ਅਗਲੇ ਸਾਲ ਈਚੋਗਿਲ ਦਿਆਂ ਬੁਟਰਾਂ ਦਾ ਸਾਰਾ ਛੇੜ ਹੀ ਇਸ ਪਾਸੇ ਨੂੰ ਉਲਰ ਪਿਆ। ਇਸ ਵਾਰ ਨਾਲ ਡਾਂਗ ਬਹਾਦਰ ਢੇਰ ਸਾਰੇ ਸਨ। ਖਤਰੀ ਬਿਰਕੇ ਹੀ ਨਾ। ਜਦ ਇਨ੍ਹਾਂ ਇਥੇ ਛੰਨਾਂ ਤੇ ਕੁਲੀਆਂ ਪਾ ਲਈਆਂ ਤਾਂ ਖਤਰੀਆਂ ਦੇ ਭਾ ਦੀ ਬਣ ਗਈ। ਪਰ ਬਾਹੀਂ ਨਜਿਠਣ ਦਾ ਹੌਸਲਾ ਤੇ ਸਤਿਆ ਉਨ੍ਹਾਂ ਵਿਚ ਨਹੀਂ ਸੀ। ਜਦ ਅਸਲੋਂ ਹੀ ਯਰਕ ਗਏ ਤਾਂ ਬੁਟਰਾਂ ਨੇ ਖਤਰੀਆਂ ਦਾ ਮਾਲ ਚਰਾਂਦ ਵਿਚ ਵੜਨੋਂ ਰੋਕਣਾ ਸ਼ੁਰੂ ਕਰ ਦਿਤਾ। ਖਤਰੀ ਬਹੁਤੇ ਨਾ ਅੜੇ। ਤੇ ਇਨ੍ਹਾਂ ਇਸੇ ਸਾਲ ਡਲ ਦੀ ਸਾਰੀ ਜੂਹ ਮੱਲ ਲਈ ਤੇ ਡਲੋਂ ਖਤਰੀ ਕਢ ਕੇ ਡਲ ਨੂੰ ਨੱਪ ਲਿਆ। "ਵਾਂ" ਵੀ ਉਨ੍ਹਾਂ ਦੇ ਅੱਖ ਤਿਣ ਸੀ, ਸੋ ਪਿਛੋਂ

* "ਵਾਂ" ਜੋ ਡਲ ਵਾਂ ਕਰ ਕੇ ਵੀ ਪ੍ਰਸਿਧ ਹੈ, ਡੱਲ ਪਿੰਡ ਤੋਂ ਦਖਣ ਵਿਚ ੪ ਕਿਲੋ ਮੀਟਰ ਦੀ ਵਿਥ ਤੇ ਹੈ। ਪਹਿਲਾਂ ਪਹਿਲ ਇਸ ਨੂੰ ਡੱਲ ਬੇਈਂ, "ਡੱਲ ਬਈ," "ਡਲ ਵੇਈਂ" ਤੇ "ਡੱਲ ਵਾਈ" ਕਿਹਾ ਜਾਂਦਾ ਸੀ। ਸਹਿਜੇ ਸਹਿਜੇ ਇਹ ਬਦਲਦਾ ਬਦਲਦਾ ਡਲ ਵਾਂ ਬਣ ਗਿਆ ਹੈ। ਅੱਜ ਵੀ ਇਸ ਨੂੰ "ਡਲ ਵਾਂ" ਜਾਂ 'ਵਾਂ" ਕਹਿੰਦੇ ਹਨ। "ਡਲ ਵਾਂ" ਤੇ "ਵਾਂ" ਤੋਂ ਕੇਵਲ "ਵਾਂ" (ਸਿਰਫ਼ ਇਕੱਲਾ 'ਵਾਂ' ਪਿੰਡ) ਹੀ ਜਾਣਿਆ ਜਾਵੇਗਾ।

**ਸਥਿਤੀ** :—ਇਹ ਦੋਵੇਂ ਪਿੰਡ ਮਾਝੇ ਦੇ ਕੇਂਦਰੀ ਵਰਗ ਵਿਚ ਸਥਿਤ ਹਨ। ਅਣ-ਵੰਡੇ ਪੰਜਾਬ ਵਿਚ ਇਹ ਥਾਣਾ ਖਾਲੜਾ ਤਹਿਸੀਲ ਕਸੂਰ ਜ਼ਿਲਾ ਲਾਹੌਰ ਵਿਚ ਸਨ। ਵੰਡ ਸਮੇਂ ਇਹ ਚਾਰ ਥਾਣੇ—ਖਾਲੜਾ, ਭਿਖੀਵਿੰਡ, ਪੱਟੀ, ਵਲਟੋਹਾ ਲਾਹੌਰ ਦੀ ਤਹਿਸੀਲ ਕਸੂਰ ਵਿਚੋਂ ਕੱਟ ਕੇ ਹਿੰਦੁਸਤਾਨ ਵਿਚ ਹੀ ਰਹਿ ਗਏ। ਬਾਕੀ ਸਾਰਾ ਲਾਹੌਰ ਪਾਕਿਸਤਾਨ ਵਿਚ ਹੀ ਚਲਿਆ ਗਿਆ। ਇਨ੍ਹਾਂ ਚਾਰ ਥਾਣਿਆਂ ਦੀ ਅੱਡ ਤਹਿਸੀਲ ਪੱਟੀ ਬਣਾ ਕੇ ਜ਼ਿਲਾ ਅੰਮ੍ਰਿਤਸਰ ਵਿਚ ਸ਼ਾਮਲ ਕਰ ਦਿਤੀ ਗਈ ਸੀ। ਹੁਣ ਪ੍ਰਸਿਧ ਨਗਰ ਖੇਮ ਕਰਨ ਨੂੰ ਵੀ ਥਾਣਾ ਬਣਾ ਦਿਤਾ ਹੈ। "ਵਾਂ" ਤੇ ਡੱਲ ਦੋਵੇਂ ਪਿੰਡ ਹੀ ਪੂਰਬੀ ਪੰਜਾਬ ਦੀ ਪਛਮੀ ਹੱਦ ਤੋਂ ਡੇਢ ਕਿਲੋ ਮੀਟਰ ਅੰਦਰ ਵਲ ਨੂੰ ਹਨ, ਅੰਮ੍ਰਿਤਸਰੋਂ ਜੋ ਸੜਕ ਝਬਾਲ ਭਿਖੀਵਿੰਡ ਤੇ ਅਮਰ ਕੋਟ ਵਿਚਦੀ ਹੋ ਕੇ ਖੇਮ ਕਰਨ ਅੱਪੜਦੀ ਹੈ, ਭਿਖੀਵਿੰਡੋਂ ਚਾਰ ਕਿਲੋ ਮੀਟਰ ਖੇਮ ਕਰਨ ਵਲ ਇਸ ਤੇ ਲੱਗੀਆਂ ੪੪/੪੫ ਕਿ: ਮੀ: ਦੀਆਂ ਬੁਰਜੀਆਂ ਵਿਚਕਾਰੋਂ ਇਕ ਸੜਕ ਸੱਜੇ ਹੱਥ ਨੂੰ ਨਿਕਲਦੀ ਹੈ। ਇਹ ਸੜਕ ਪਿੰਡ ਚੂਹੰਗ, ਜੋ ਸ਼ਹੀਦ ਹਾਤਾ ਸਿੰਘ ਦਾ ਪਿੰਡ ਹੈ, ਦੇ ਪੂਰਬ ਥਾਣੀ ਲੰਘ ਕੇ ਨਗਰ ਭੈਣੀ ਮੱਸਾ ਸਿੰਘ ਨੂੰ ਖੱਬੇ ਹਥ ਛਡ ਕੇ ਅੱਗੇ ਬਾਸਰਕੇ ਪਿੰਡ ਦੇ ਦਖਣ ਦੇ ਪਾਸੇ ਨਾਲ ਨਾਲ ਹੋ ਕੇ ਸਿਧੀ "ਵਾਂ" ਜਾ ਮੁਕਦੀ ਹੈ। ਸੜਕ ਦੀ ਹਾਲਤ ਚੂਹੰਗ ਪਿੰਡ ਤੋਂ ਅੱਗੇ ਬਹੁਤ ਖਰਾਬ ਹੈ। ਭਿਖੀਵਿੰਡੋਂ ਇਸ ਰਸਤੇ "ਵਾਂ" ਲਗ ਪਗ ੧੩ ਕੁ ਕਿਲੋ ਮੀਟਰ ਹੈ। ਡਲ ਨੂੰ ਇਥੋਂ ਉੱਤਰ ਵਲ ਕੱਚਾ ਰਸਤਾ ਜਾਂਦਾ ਹੈ। ਡੱਲ ਤੋਂ ਬਿਨਾ "ਵਾਂ" ਦੇ ਦੁਆਲੇ ਨਾਲ ਲੱਗਣ ਵਾਲੇ ਇਹ ਪਿੰਡ ਹਨ: ਮਾੜੀ ਕੰਬੋਕੇ (ਬਾਬਾ ਸੁਖਾ ਸਿੰਘ ਦਾ ਪਿੰਡ) ਚੜ੍ਹਦਾ ਪਹਾੜ, ਸਾਢੇ ੩ ਕਿ: ਦੂਰ; ਬਾਸਰਕੇ, ਚੜ੍ਹਦਾ ਪਾਸਾ, ਫਾਸਲਾ ੪ ਕਿ: ਮੀ:, ਚੱਕ ਬਾਂਭਾ, ਥੋੜਾ ਚੜ੍ਹਦਾ ਦਖਣ, ਫਾਸਲਾ ਢਾਈ ਕਿ: ਮੀ:, ਰਾਜੋਕੇ, ਐਨ ਦਖਣ ਵਿਚ, ਫ਼ਾਸਲਾ ੪ ਕਿ: ਮੀ:–ਇਹ ਸਾਰੇ ਪਿੰਡ ਹਿੰਦੁਸਤਾਨ ਵਿਚ ਹਨ। ਚਠਿਆਂ ਵਾਲਾ (ਇਹ ਖਾਰਾ ਗੋਤ ਦਿਆਂ ਜੱਟਾਂ ਦਾ ਬੜਾ ਵੱਡਾ ਪਿੰਡ ਸੀ) ਦਖਣ ਲਹਿੰਦਾ ੫ ਕਿ: ਮੀ:, ਥੇਹ ਮਹਿੜੋਲੀਆਂ ਪਾਸਾ ਲਹਿੰਦਾ ਦਖਣ, ੪ ਕਿ: ਮੀ: ਦੀ ਵਿਥ ਤੇ; ਜਾਮੁਣ ਲਹਿੰਦਾ ਕੋਨਾ, ਫਾਸਲਾ ੫ ਕਿਲੋ ਮੀਟਰ—ਇਹ ਤਿੰਨੇ ਪਿੰਡ ਹੁਣ ਪਾਕਿਸਤਾਨ ਵਿਚ ਹਨ।

ਇਨ੍ਹਾਂ ਅੱਠਾਂ ਪਿੰਡਾ ਦੀਆਂ ਹੱਦਾਂ "ਵਾਂ" ਨਾਲ ਲਗਦੀਆਂ ਹਨ। ਭਿਖੀਵਿੰਡੋਂ ਖੇਮ ਕਰਨ ਵਾਲੇ ਪਾਸੇ ਡੇਢ ਕਿ: ਮੀ: ਅਗੇ ਜਾ ਕੇ ਇਕ ਸੜਕ ਸੱਜੇ ਹੱਥ ਨੂੰ ਪਾਟਦੀ ਹੈ। ਇਹ ਸੜਕ ਪਿੰਡ ਚੇਲਾ, ਭੁਲਵਾਨਕੇ, ਦਰਾਜਕੇ, ਮਾੜੀ ਉਧੋਕੇ ਤੋਂ ਮਾੜੀ ਕੰਬੋਕੇ ਆਣ ਮੁਕਦੀ ਹੈ। ਇਥੋਂ "ਵਾਂ" ਨੂੰ ਕੱਚਾ ਰਸਤਾ ਜਾਂਦਾ ਹੈ। ਐਸ ਵੇਲੇ ਜ਼ਿਆਦਾ ਆਵਾਜਾਈ ਇਸ ਰਸਤੇ ਹੈ।

"ਵਾਂ" ਤੋਂ ਲਾਹੌਰ ਨੂੰ ਜਾਣ ਵਾਲਾ ਰਸਤਾ ਜਾਮਣ, ਹੇਰੂ, ਠੇਠਰ, ਡੇਰਾ ਰੰਘੜਾਂ, ਲਿਧੜ, ਗੁਹਾਵਾ, ਸਹਿਜਪਾਲ, ਮੀਆਂ ਮੀਰ ਦੀ ਛਾਉਣੀ (ਲਾਹੌਰ ਦੇ ਦਖਣ ਚੜ੍ਹਦੇ ਵਿਚ) ਵਿਚ ਦੀ ਹੋ ਕੇ ਲਾਹੌਰ ਪੁਜਦਾ ਸੀ। ਕਾਂ-ਉਡਾਰੀ ਇਹ ਰਾਹ ੨੪/੨੫ ਕਿਲੋ ਮੀਟਰ ਹੋਵੇਗਾ। ਭਾਈ ਤਾਰਾ ਸਿੰਘ ਉਤੇ ਹਮਲੇ ਸਮੇਂ ਮੋਮਨ ਖਾਨ ਆਪਣੀ ਫੌਜ ਲੈ ਕੇ ਇਸ ਰਸਤੇ ਆਇਆ ਸੀ।



www.AKJ.Org

"ਵਾਂ" ਵੀ ਖੋਹ ਲਿਆ। ਖ਼ਤਰੀ ਕਮਜ਼ੋਰ ਸਨ। ਲੜਨ ਭਿੜਨ ਵਿਚ ਪੇਸ਼ ਨਾ ਜਾਂਦੀ ਵੇਖ ਕੇ ਸਿਆਣਪ ਤੋਂ ਕੰਮ ਲੈਂਦਿਆਂ ਬੁਟਰਾਂ ਦੀ ਮਿੰਨਤ ਸਮਾਜਤ ਕੀਤੀ ਤੇ ਕਿਹਾ ਕਿ ਅਸੀਂ ਵੀ ਤੁਹਾਡੇ ਭਰਾ ਹਾਂ, ਸਾਡੇ ਨਾਲ ਏਨੀ ਮਾੜੀ ਨਾ ਕਰੋ, ਸਾਡਾ ਵੀ ਕੁਝ ਸੋਚੋ। ਇਸ ਤੇ "ਵਾਂ" ਦੇ ਚੜ੍ਹਦੇ ਦਖਣ ਵਿਚ "ਵਾਂ" ਤੋਂ ਦੋ ਢਾਈ ਕਿਲੋਮੀਟਰ ਹਟ ਕੇ ਕੁਝ ਜ਼ਮੀਨ ਉਨ੍ਹਾਂ ਦੇ ਗੁਜ਼ਾਰੇ ਲਈ ਛਡ ਦਿਤੀ। ਇਨ੍ਹਾਂ ਬਾਂਭੇ (ਬਲ੍ਹਣ) ਖਤਰੀਆਂ "ਚੱਕ ਬਾਂਭਾ" ਨਾਮੀ ਪਿੰਡ ਬੰਨ੍ਹ ਲਿਆ, ਜੋ ਅਜ ਵੀ ਮੌਜੂਦ ਹੈ। ਇਹ ਖਤਰੀ "ਵਾਂ" ਤੇ ਕਾਬਜ਼ ਬੁਟਰਾਂ ਦਾ ਹਥੀਂ ਤਾਂ ਕੁਝ ਨਾ ਵਿਗਾੜ ਸਕੇ, ਪਰ ਸਰਕਾਰੇ ਦਰਬਾਰੇ ਚੁਗਲੀ ਬਖ਼ੀਲੀ ਰਾਹੀਂ ਲਗੀ ਵਾਹ "ਵਾਂ" ਵਾਲਿਆਂ ਦਾ ਬੁਰਾ ਹੀ ਕਰਦੇ ਰਹੇ। ਬਾਬਾ ਬੰਦਾ ਸਿੰਘ ਦੇ ਸਮੇਂ ਪਿਛੋਂ ਮਿਸਲਾਂ ਦੇ ਵਕਤ ਇਹ ਸਿੰਘਾਂ ਦੇ ਦੋਖੀ ਹੀ ਰਹੇ। ਇਹ ਬੁਰਿਆਈ ਇਨ੍ਹਾਂ ਨਾਲ ਪੱਕੀ ਤਰ੍ਹਾਂ ਹੀ ਚਿੰਬੜ ਗਈ ਹੈ। ਦੁਆਲੇ ਦੇ ਪਿੰਡ ਇਸ ਨੂੰ ਚੱਕ ਬਾਂਭਾ ਨਹੀਂ ਸਦਦੇ, ਸਗੋਂ ਇਸ ਦਾ ਨਾਉਂ "ਬੁਰਾ ਪਿੰਡ" ਕਰਕੇ ਲੈਂਦੇ ਹਨ। ਉਂਜ ਡੱਲ "ਵਾਂ" ਜੋ ਕ੍ਰਮਵਾਰ ਉੱਤਰ ਦਖਣ ਰੁਕ ਤੇ ਹਨ, ੪ ਕਿਲੋ ਮੀਟਰ ਦੀ ਵਿਥ ਤੇ ਹਨ, ਪਰ ਅੱਜ ਵੀ ਡਲ ਵਾਂ ਹੀ ਵਜਦੇ ਹਨ। ਡਲ ਵਿਚ ਬਾਠ ਗੋਤ ਦੇ ਜੱਟ ਵਸਦੇ ਹਨ।

ਇਸ ਹੱਥਲੇ ਲੇਖ ਦਾ ਸੰਬੰਧ ਸਿਰਫ ਪਿੰਡ "ਵਾਂ" ਨਾਲ ਹੈ। ਭਾਈ ਤਾਰਾ ਸਿੰਘ ਦੇ ਵੱਡ-ਵਡੇਰੇ ਈਚੋਗਿਲ ਉਤਾੜ ਤੋਂ ਆ ਕੇ ਇਥੇ ਕਬਜ਼ਾ ਕਰ ਕੇ ਵਸ ਗਏ ਸਨ। ਇਸ ਦਾ ਰਕਬਾ ਚਾਰ ਕੁ ਹਜ਼ਾਰ ਏਕੜ ਹੈ। "ਵਾਂ" ਦੀਆਂ ਵੱਡੀਆਂ ਤਿੰਨ ਪੱਤੀਆਂ ਇਹ ਹਨ:—ਤੋਲੋ ਦੀ, ਰੂਪੋ ਦੀ, ਸੈਦੋ ਦੀ। ਪਰ ਹੌਲੀ ਹੌਲੀ ਵਸੋਂ ਦੇ ਵਾਧੇ ਨਾਲ ਕਈ ਟੱਬਰ ਏਡੇ ਏਡ ਵਧ ਫੁਲ ਗਏ ਹਨ ਕਿ ਹੁਣ ਉਹ ਵੀ ਪੱਤੀਆਂ ਵਾਂਗ ਹੀ ਜਾਣੇ ਜਾਂਦੇ ਹਨ, ਜਿਵੇਂ ਰਣਧੀਰਾਂ ਦੀ, ਲਿਚੀਆਂ ਦੀ, ਬਘੇ ਵਾਲੀਆਂ ਦੀ, ਕੰਦੇ ਵਾਲੀਆਂ ਦੀ ਅਤੇ ਕਾਵਾਂ ਦੀ।

## ਭਾਈ ਤਾਰਾ ਸਿੰਘ ਦੇ ਵਡੇਰੇ—

ਤੋਲੋ ਦੀ ਪੱਤੀ ਵਿਚ ਗੁਰੂ ਹਰਿ ਰਾਇ ਸਾਹਿਬ ਦੇ ਸਮੇਂ ਇਕ ਚੁਘਾ ਨਾਮ ਦਾ ਜੱਟ ਹੋਇਆ ਹੈ। ਇਸ ਦੇ ਵੱਡੇ-ਵਡੇਰੇ, ਜਿਨ੍ਹਾਂ ਦੀ ਵਸੋਂ ਈਚੋਗਿਲ ਵਿਖੇ ਸੀ, ਪੀਰ ਨਗਾਹੀਏ ਦੇ ਮੁਰੀਦ ਸਨ, ਨਾਲ ਹੀ ਤਕੜੇ ਦੇਵੀ ਭਗਤ ਵੀ ਸਨ। ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸ ਪਿੰਡ ਨੂੰ ਸਿੱਖੀ ਦੀ ਪਾਹ ਲਗੀ ਤੇ ਫੇਰ ਜਦ ਇਨ੍ਹਾਂ ਦੀ ਆਲ ਔਲਾਦ "ਵਾਂ" ਆ ਵਸੀ ਤਾਂ ਇਸ ਦੇ ਕਾਫ਼ੀ ਘਰਾਣੇ ਪੂਰੀ ਤਰ੍ਹਾਂ ਸਿਖੀ ਨਾਲ ਜੁੜ ਚੁਕੇ ਸਨ। ਚੁਘਾ ਸ੍ਰੀ ਗੁਰੂ ਹਰਿ ਰਾਇ ਜੀ ਦਾ ਅਨਿੰਨ ਸ਼ਰਧਾਲੂ ਸੀ। ਇਸ ਦੇ ਘਰ ਤਿੰਨ ਪੁਤ ਜਨਮੇ—ਮਾਹੀ, ਜੈਤਾ ਤੇ ਗੁਰਦਾਸ। ਇਸ ਦੇ ਸਭ ਤੋਂ ਛੋਟੇ ਪੁਤਰ ਗੁਰਦਾਸ ਨੇ ਦਸਮੇਸ਼ ਜੀ ਦੇ ਸਮੇਂ ਅੰਮ੍ਰਿਤ ਛਕਿਆ ਸੀ ਤੇ ਹਮੇਸ਼ਾ ਸਿੰਘਾਂ ਦਾ ਸਾਥ ਦਿਤਾ ਅਤੇ ਸ੍ਰੀ ਅਨੰਦਪੁਰ ਸਾਹਿਬ ਦੀਆਂ ਲੜਾਈਆਂ ਵਿਚ ਹਿੱਸਾ ਲਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਖਣ ਵਲ ਚਲੇ ਜਾਣ ਸਮੇਂ ਭਾਈ ਗੁਰਦਾਸ ਸਿੰਘ ਜੀ ਆਗਿਆ ਪਾ ਕੇ ਪਿੰਡ ਹੀ ਆਣ ਟਿਕੇ। ਕਮਰਕੱਸਾ ਖੋਲ੍ਹ ਕੇ ਹੱਲ ਦੀ ਜੰਘੀ ਫੜੀ ਹੀ ਸੀ ਕਿ ਬੰਦਾ ਸਿੰਘ ਬਹਾਦਰ ਪੰਜਾਬ ਵਲ ਆ ਗਿਆ ਤੇ ਸਿੰਘਾਂ ਨੂੰ ਦਸਮੇਸ਼ ਜੀ ਦੇ ਹੁਕਮਨਾਮੇ ਪੁਜ ਗਏ ਕਿ ਪੰਥ ਦੇ ਜਥੇਦਾਰ ਦਾ ਵਧ ਚੜ੍ਹ ਕੇ ਸਾਥ ਦੇਣ ਤੇ ਦੁਸ਼ਟਾਂ ਨੂੰ ਕੀਤੀਆਂ ਦਾ ਫਲ ਭੁਗ-ਤਾਉਣ। ਬੱਸ ਫਿਰ ਭਾਈ ਗੁਰਦਾਸ ਸਿੰਘ ਬੰਦਾ ਸਿੰਘ ਦੇ ਨਾਲ ਜਾ ਸ਼ਾਮਲ ਹੋਏ ਤੇ ਯੁਧਾਂ ਵਿਚ ਤਕੜਾ ਹਿਸਾ ਲਿਆ। "ਲਖ ਖੁਸੀਆਂ ਪਾਤਿਸਾਹੀਆਂ ਜੇ ਸਤਿਗੁਰ ਨਦਰਿ ਕਰੇਇ" ਦੇ ਮਹਾਂਵਾਕ ਅਨੁਸਾਰ ਸਤਿਗੁਰੂ ਦੀ ਮਿਹਰ ਨਾਲ ਇਨ੍ਹਾਂ ਦੇ ਘਰ ਪੰਜ ਪੁਤਰ ਹੋਏ—ਤਾਰਾ ਸਿੰਘ, ਭਾਗ ਸਿੰਘ, ਸੰਗਤ ਸਿੰਘ, ਨਥੂ ਸਿੰਘ ਤੇ ਕਥੂ ਸਿੰਘ। ਸਾਰਿਆਂ ਤੋਂ ਵਡਾ ਤਾਰਾ ਸਿੰਘ ਸੀ, ਜੋ ਪਿਛੋਂ ਸ਼ਹੀਦ ਭਾਈ ਤਾਰਾ ਸਿੰਘ ਦੇ ਨਾਮ ਨਾਲ ਪ੍ਰਸਿਧ ਹੋਇਆ। ਇਹੋ ਹੀ ਇਸ ਖੂਨੀ ਸਾਕੇ ਦੇ ਮੁਖੀ ਪਾਤਰ ਹਨ।

ਸ਼ਹੀਦ ਹੋਣ ਸਮੇਂ ਦੀ ਉਮਰ ਦੇ ਹਿਸਾਬ ਨਾਲ ਇਨ੍ਹਾਂ ਦਾ ਜਨਮ ੧੭੫੯ ਬਿਕਰਮੀ ਮੁਤਾਬਕ ੧੭੦੨ ਈਸਵੀ ਵਿਚ ਹੋਇਆ ਹੋਵੇਗਾ। ਭਾਈ ਮਨੀ ਸਿੰਘ ਜੀ ਜਦ ਮਾਤਾ ਸੁੰਦਰ ਕੌਰ ਜੀ ਦੇ ਆਦੇਸ਼ ਨਾਲ ਦਰਬਾਰ



www.AKJ.Org

ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਲਈ ਅਤੇ ਤੱਤ ਖਾਲਸਾ ਤੇ ਬੰਦਈ ਖਾਲਸਾ ਵਿਚਕਾਰ ਪੈ ਚੁਕੇ ਅਜੋੜ ਨੂੰ ਸਮੇਟਣ ਲਈ ਦਿਲੀਉਂ ਪੰਜਾਬ ਆਏ ਸਨ ਤਾਂ ਨਾਲ ਉਨ੍ਹਾਂ ਅੰਮ੍ਰਿਤ ਪ੍ਰਚਾਰ ਵੀ ਅਰੰਭ ਦਿਤਾ ਸੀ। ਭਾਈ ਮਨੀ ਸਿੰਘ ਜੀ ਜਾਂ ਪਿਛੋਂ ਬਾਬਾ ਦੀਪ ਸਿੰਘ ਦੀ ਜਥੇਦਾਰੀ ਵਿਚ ਉਨ੍ਹਾਂ ਪਾਸੋਂ ਅੰਮ੍ਰਿਤ ਛਕਣਾ ਉਸ ਵੇਲੇ ਦੇ ਸਿੰਘਾਂ ਵਿੱਚ ਬੜਾ ਵੱਡਾ ਮਾਣ ਸਮਝਿਆ ਜਾਂਦਾ ਸੀ। ਭਾਈ ਗੁਰਦਾਸ ਸਿੰਘ ਦੇ ਵਡੇ ਪੁਤਰ ਤਾਰਾ ਸਿੰਘ ਨੇ ਵੀ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ ਤੇ ਸਿੰਘ ਸੱਜ ਗਏ।

ਭਾਈ ਗੁਰਦਾਸ ਸਿੰਘ ਦੀ ਜ਼ਮੀਨ ਪਿੰਡ ਦੀ ਦਖਣੀ ਹੱਦ ਦੇ ਨਾਲ ਹੀ ਆਣ ਲਗਦੀ ਸੀ। ਅੰਮ੍ਰਿਤ ਛਕਣ ਤੋਂ ਪਹਿਲਾਂ ਵਾਹੀ ਜੋਤੀ ਦਾ ਮਰਹੈਲ ਤਾਰਾ ਸਿੰਘ ਹੀ ਹੁੰਦਾ ਸੀ, ਪਰ ਬਾਅਦ ਵਿਚ ਪਿੰਡ ਨਾਲ ਲਗਦੇ ਖੇਤਾਂ ਵਿਚੋਂ ਇਕ ਖੇਤ ਵਿਚ ਇਕ ਡਾਢਾ ਖੁਲ੍ਹਾ ਵਾੜਾ† ਵਲ ਲਿਆ ਤੇ ਉਸ ਦੇ ਵਿਚ ਇਕ ਕੱਚਾ ਬੁਰਜ ਵੀ ਉਸਾਰ ਲਿਆ ਤੇ ਏਥੇ ਰਹਿਣਾ ਸ਼ੁਰੂ ਕਰ ਦਿਤਾ। ਉਸ ਸਮੇਂ ਪਿੰਡ ਦੇ ਉਦਾਲੇ ਮਲ੍ਹਾਂ ਬੇਰੀਆਂ, ਜੰਡ, ਕ੍ਰੀਰ, ਰੇਰੂ ਤੇ ਕਿੱਕਰ ਬਹੁਤ ਸੰਘਣੇ ਹੁੰਦੇ ਸਨ। ਇਹ ਵਾੜਾ ਵੀ ਇਨ੍ਹਾਂ ਦੇ ਕੰਡਿਆਲੇ ਛਾਪਿਆਂ ਨਾਲ ਹੀ ਵਲਿਆ ਹੋਇਆ ਸੀ ਅਤੇ ਵਾੜ ਇੰਨੀ ਚੋੜੀ ਤੇ ਉਚੀ ਸੀ ਕਿ ਕੋਈ ਸਵਾਰ ਘੋੜਾ ਕੁਦਾ ਕੇ ਅੰਦਰ ਨਹੀਂ ਸੀ ਆ ਸਕਦਾ। ਊਠ ਦਾ ਸਵਾਰ ਵੀ ਚੜ੍ਹਿਆ ਚੜ੍ਹਾਇਆ ਵਾੜੇ ਉਤੇ ਦੀ ਅੰਦਰ ਨਹੀਂ ਸੀ ਤਕ ਸਕਦਾ। ਸਾਰੇ ਵਾੜੇ ਦਾ ਕੇਵਲ ਇਕ ਹੀ ਫਲਾ ਸੀ, ਜੋ ਅੰਦਰੋਂ ਬੰਦ ਹੋ ਜਾਂਦਾ ਸੀ। ਵਾੜੇ ਦੇ ਅੰਦਰ ਕੁਝ ਕੁ ਕੁਲੀਆਂ ਤੇ ਛੱਨਾਂ ਜਿਹੀਆਂ ਬਣੀਆਂ ਹੋਈਆਂ ਸਨ, ਜਿਨ੍ਹਾਂ ਦੇ ਫ਼ਰਸ਼ ਤੇ ਝੋਨੇ ਦੀ ਪ੍ਰਾਲੀ ਵਿਛੀ ਹੁੰਦੀ ਸੀ। ਇਨ੍ਹਾਂ ਕੁਲੀਆਂ ਛੱਨਾਂ ਦੇ ਸਾਮ੍ਹਣੇ ਇਕ ਵਾਹਵਾ ਚੋੜਾ ਤੇ ਡੂੰਘਾ ਟੋਆ ਪੁਟਿਆ ਹੋਇਆ ਸੀ, ਜਿਸ ਵਿਚ ਜੰਡ, ਰੇਰੂ ਤੇ ਕਿਕਰਾਂ ਦੇ ਵਡੇ ਵਡੇ ਮੁਢ ਸੁੱਟ ਕੇ ਚੜ੍ਹਦੇ ਸਿਆਲ ਅੱਗ ਲਾ ਦਿਤੀ ਜਾਂਦੀ ਤੇ ਇਹ ਅੰਗੀਠਾ ਦਿਨ ਰਾਤ ਹਰ ਵੇਲੇ ਮਘਦਾ ਰਹਿੰਦਾ। ਇਹ ਟੋਆ ਖੁਲ੍ਹਾ ਤੇ ਡੂੰਘਾ ਵਿਉਂਤ ਨਾਲ ਬਣਾਇਆ ਹੋਇਆ ਸੀ ਤੇ ਇਸ ਵਿਚ ਏਡੇ ਵਡੇ ਵਡੇ ਮੁਢ ਪਾਏ ਜਾਂਦੇ ਸਨ ਕਿ ਇਕ ਵਾਰ ਦਾ ਮਘਿਆ ਹੋਇਆ ਅੰਗੀਠਾ ਚੜ੍ਹੇ ਵਿਸਾਖ ਤਕ ਠੰਡਾ ਨਾ ਹੁੰਦਾ। ਜੇ ਸਿਆਲ ਵਿਚ ਕਿਧਰੇ ਵਰਖਾ ਇਸ ਨੂੰ ਥੋੜੇ ਸਮੇਂ ਲਈ ਬੁਝਾ ਵੀ ਦੇਂਦੀ ਤਾਂ ਦੁਬਾਰਾ ਮਘਾ ਦਿਤਾ ਜਾਂਦਾ। ਇਹ ਸਦਾ-ਮਘਦਾ-ਅੰਗੀਠਾ ਸਿੰਘਾਂ ਲਈ ਸਿਆਲ ਵਿਚ ਬੜਾ ਵੱਡਾ ਆਸਰਾ ਸੀ।

## ਰਾਠ ਸਿੰਘਾਂ ਦੇ ਜੀਵਨ ਦੀ ਇਕ ਝਾਕੀ—

ਬਾਬਾ ਬੰਦਾ ਸਿੰਘ ਤੇ ਉਸ ਨਾਲ ਫੜੇ ਉਸ ਦੇ ਸਾਥੀਆਂ ਦੇ ਕਤਲਾਮ ਪਿਛੋਂ ਦਿਲੀ ਤੇ ਲਾਹੌਰ ਦੀਆਂ ਸਰਕਾਰਾਂ ਨੇ ਸਮਝ ਲਿਆ ਕਿ ਸਿਖਾਂ ਦੀ ਸਦਾ ਲਈ ਅਲਖ ਮੁਕਾ ਦਿਤੀ ਗਈ ਹੈ। ਮੁਲਕ ਵਿਚ ਅਮਨ-ਚੈਨ ਤੇ ਇਕ ਵਾਰ ਐਨ ਸੁੰਨ-ਸਾਨ ਹੋ ਗਈ। ਪਰ ਇਹ ਚੁਪ-ਚਾਂ ਕਿਸੇ ਆਉਣ ਵਾਲੇ ਤੂਫ਼ਾਨ ਦਾ ਪੇਸ਼ਖੇਮਾ ਸੀ। ਬਾਬਾ ਬਿਨੋਦ ਸਿੰਘ ਨੇ ਫਿਰ ਖਿਲਰੇ-ਖਪਰੇ ਸਿੰਘਾਂ ਨੂੰ ਨਵੇਂ ਸਿਰਿਉਂ ਸੰਗੱਠਤ ਕਰਨ ਦਾ ਕੰਮ ਅਰੰਭਿਆ। ਇੰਜ ਕੋਈ ਤਕੜਾ ਦਲ ਤਾਂ ਨਾ ਕਾਇਮ ਹੋ ਸਕਿਆ, ਜੋ ਬੰਦਾ ਸਿੰਘ ਦੇ ਸਮੇਂ ਵਾਂਗ ਹਿੰਦੁਸਤਾਨ ਦੀ ਹਕੂਮਤ ਨਾਲ ਮਿਥਵੀਂ ਟੱਕਰ ਲੈ ਸਕੇ, ਪਰ ਇਹ ਛੋਟੀਆਂ ਛੋਟੀਆਂ ਜਥੇਬੰਦੀਆਂ, ਜੋ ਪਿਛੋਂ ਮਿਸਲਾਂ ਦਾ ਰੂਪ ਧਾਰਨ ਕਰ ਗਈਆਂ, ਆਉਣ ਵਾਲੇ ਤੂਫਾਨ ਦੇ ਮੁਢਲੇ ਬੁਲੇ ਸਨ, ਜਿਨ੍ਹਾਂ ਨੇ ਤੂਫ਼ਾਨ ਬਣ ਕੇ ਪੰਜਾਬ ਵਿਚੋਂ ਮੁਗ਼ਲ ਰਾਜ ਦੇ ਤਣੇ ਪੁਟ ਛਡੇ। ਪਰ ਸਤਾਰ੍ਹਵੀਂ ਸਦੀ ਦੇ ਤੀਜੇ ਧਾਕੇ ਵਿਚ ਇਨ੍ਹਾਂ ਨਿਕਿਆਂ ਨਿਕਿਆਂ ਜਥਿਆਂ ਨੇ ਹਕੂਮਤ ਦਾ ਨੱਕ ਵਿਚ ਦੰਮ ਕਰਨ ਲਈ "ਢਾਈ ਫਟ ਵਾਲਾ" ਗੁਰੀਲਾ ਲੜਾਈ ਦਾ ਢੰਗ ਅਪਣਾਇਆ। ਹਿੰਦੁਸਤਾਨ ਦੇ

---

† **ਵਾੜਾ** :—ਕਿੱਕਰ ਜੰਡ ਕ੍ਰੀਰ ਤੇ ਮਲ੍ਹੇ ਬੇਰੀ ਦੇ ਛਾਪਿਆਂ ਨੂੰ ਆਪਸ ਵਿਚ ਫਸਾ ਫਸਾ ਕੇ ਵਾਲਿਆ ਹੋਇਆ ਵਲਗਣ ਜਾਂ ਅਹਾਤਾ ਵਾੜਾ ਅਖਵਾਉਂਦਾ ਹੈ। ਇਸ ਦੀ ਚੁਫੇਰੇ ਦੀ ਕੰਧ ਵੱਡੀ ਚੋੜੀ ਤੇ ਉਚੀ ਵਾੜ ਹੀ ਹੁੰਦੀ ਹੈ। ਇਸ ਦੇ ਹੇਠ ਦੀ, ਉਤਦੀ ਜਾਂ ਵਿਚਦੀ ਲੰਘਣਾ ਬਿਲਕੁਲ ਅਸੰਭਵ ਹੈ। ਪੁਰਾਣੇ ਸਮੇਂ ਵਿਚ ਇਹ ਬਚਾਉ ਦਾ ਚੰਗਾ ਸਾਧਨ ਹੋਇਆ ਕਰਦਾ ਸੀ। ਹੁਣ ਇਨ੍ਹਾਂ ਦਾ ਰਿਵਾਜ ਬਹੁਤ ਘਟ ਗਿਆ ਹੈ।



www.AKJ.Org

ਇਤਿਹਾਸ ਵਿਚ ਇਹ ਸਭ ਤੋਂ ਪਹਿਲਾ ਗੁਰੀਲਾ ਲੜਨ-ਢੰਗ ਸੀ, ਜੋ ਸਿੰਘਾਂ ਸ਼ੁਰੂ ਕਰ ਕੇ ਸਿਖਰ ਤੇ ਪਹੁੰਚਾ ਦਿਤਾ। ਇਹ ਉਹੋ ਢੰਗ ਸੀ ਜਿਨ੍ਹੇ ਅਹਿਮਦ ਸ਼ਾਹ ਨੂੰ ਦਮੋਂ ਕਢ ਦਿਤਾ ਸੀ। ਇਨ੍ਹਾਂ ਜੁਝਾਰੂ ਸਿੰਘਾਂ ਦੇ ਹੱਠ, ਬਲ ਤੇ ਕੁਰਬਾਨੀ ਦੇ ਨਜ਼ਾਰੇ ਵੇਖ ਵੇਖ ਕੇ, ਸਿੰਘਾਂ ਦਾ ਅਤਿ ਦਰਜੇ ਦਾ ਵੈਰੀ ਕਾਜ਼ੀ ਨੂਰ ਮੁਹੰਮਦ ਵੀ ਗਾਲ੍ਹਾਂ ਦੇਣੀਆਂ ਬੰਦ ਕਰਕੇ ਅਸ਼ ਅਸ਼ ਕਰਦਾ ਹੋਇਆ ਸੋਹਲੇ ਗਾਉਣ ਲੱਗ ਪਿਆ ਸੀ।

ਗੁਰੀਲਾ ਲੜਨ-ਢੰਗ ਬੜਾ ਹੀ ਕਠਨ ਹੁੰਦਾ ਹੈ। ਹਰ ਵੇਲੇ ਦੀ ਥੁੜ, ਮੁਸ਼ਕਲਾਂ, ਫਾਕੇ, ਸਰਦੀ ਗਰਮੀ ਦੀ ਤੰਗੀ ਤੇ ਮੌਤ ਨਾਲ ਸਾਮ੍ਹਣਾ ਰਹਿੰਦਾ ਹੈ। ਮੁਗਲ ਹਕੂਮਤ ਨੇ ਸਾਰਾ ਟਿੱਲ ਲਾ ਕੇ ਸਿਖਾਂ ਤੇ ਸਖਤੀਆਂ ਅਰੰਭੀਆਂ ਹੋਈਆ ਸਨ, ਪਰ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਹੀ ਰਹੇ। ਇਨ੍ਹਾਂ ਸਭ ਸਖਤੀਆਂ ਤੇ ਤੰਗੀਆਂ-ਤੁਰਸ਼ੀਆਂ ਨੂੰ ਉਹ ਖਾਤਰ ਵਿਚ ਨਹੀਂ ਸਨ ਲਿਆਉਂਦੇ। ਸਿੰਘ ਕਿਹਾ ਕਰਦੇ ਸਨ ਕਿ ਉਨ੍ਹਾਂ ਦੇ ਪ੍ਰਸ਼ਾਦੇ ਸਦਾ ਲਈ ਸਰਕਾਰ ਨੇ ਵਰਜੇ ਹੋਏ ਹਨ ਅਤੇ ਅਰਾਕੇ ਤੇ ਸ਼ਸਤਰ ਬਸਤਰ ਸਲਾਮੀ ਵਜੋਂ ਲੈਂਦੇ ਹਾਂ। ਇਸ ਦਾ ਅਰਥ ਇਹ ਹੈ ਕਿ ਖ਼ਾਨ ਬਹਾਦਰ ਦੀਆਂ ਤੌਰਾਨੀ, ਮੁਗਲੀਆ ਤੇ ਪਠਾਣ ਫ਼ੌਜਾਂ ਦੇ ਦਸਤੇ ਸਿੰਘਾਂ ਦੀ ਭਾਲ ਵਿਚ ਉਨ੍ਹਾਂ ਮਗਰ ਚੜ੍ਹੇ ਰਹਿੰਦੇ ਸਨ। ਇਹ ਦਸਤੇ ਆਪਣੀ ਕਾਰ-ਗੁਜ਼ਾਰੀ ਵਿਚ ਕਿੰਨੇ ਕੁ ਕਾਮਯਾਬ ਹੁੰਦੇ ਸਨ, ਉਹ ਇਸ ਪਖੋਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਰਾਠ ਸਿੰਘਾਂ ਪਾਸ ਸਾਰੇ ਅਸਤਰ-ਸ਼ਸਤਰ ਤੇ ਅਰਾਕੇ ਸ਼ਾਹੀ ਸੈਨਾ ਤੋਂ ਖੋਹੇ ਹੋਏ ਹੀ ਹੁੰਦੇ ਸਨ। ਕਿਸੇ ਪੈਦਲ ਸਿੰਘ ਨੂੰ ਜੇ ਕੋਈ ਘੋੜ-ਚੜ੍ਹਿਆ ਸਿੰਘ ਪੁਛਦਾ ਕਿ "ਸਿੰਘ ਜੀ, ਅਰਾਕਾ?" ਅਗੋਂ ਦੂਸਰੇ ਦਾ ਜੁਆਬ ਹੁੰਦਾ, "ਸ਼ਾਹੀ ਤਬੇਲੇ ਵਿਚ ਨਿਹਾਰੀਆਂ ਖਾ ਰਿਹਾ ਹੈ, ਬੱਸ ਦਿਹਾੜੀ ਡੰਗ ਤਾਈਂ ਸਰਕਾਰ ਹਾਜ਼ਰ ਕਰ ਦੇਗੀ, ਆਇਆ ਹੀ ਖੜਾ ਹੈ।" ਤੇ ਕੁਝ ਸਮੇਂ ਪਿਛੋਂ ਉਹ ਸਿੰਘ ਸੱਚ ਮੁਚ ਅਰਾਕੇ ਤੇ ਹੀ ਹੁੰਦਾ ਤੇ ਉਸਦਾ ਪਹਿਲਾ ਸਰਕਾਰੀ ਸਵਾਰ ਕੁਰੰਗ ਦੀ ਸ਼ਕਲ ਵਿਚੋਂ ਅਵੱਲ ਤਾਂ ਵੀਹ ਵਿਸਵੇ ਰੱਕੜ ਬੇਲਿਆਂ ਦੇ ਝਾੜਾਂ ਕ੍ਰੀਰਾਂ ਵਿਚ ਰੁਲ ਰਿਹਾ ਹੁੰਦਾ। ਜਾਂ ਫਿਰ ਕੁਝ ਅੰਗ ਵਢਾ ਛੰਗਾ ਕੇ ਖ਼ੁਸ਼ਕਿਸਮਤੀ ਨਾਲ ਜੇ ਜੀਉਂਦਾ ਵਾਪਸ ਮੁੜ ਗਿਆ ਹੁੰਦਾ ਤਾਂ ਕਿਸੇ ਫਟ-ਬੰਨ੍ਹ ਜਾ ਜੱਰਾਹ ਦੇ ਦੁਆਰੇ ਤੇ ਬੈਠਾ ਉਸ ਨੂੰ ਅਸੀਸਾਂ ਦੇ ਰਿਹਾ ਤੇ ਅੱਲਾ ਪਾਕ ਦਾ ਲਖ ਲਖ ਸ਼ੁਕਰ ਕਰਦਾ ਹੋਇਆ ਮੂਜ਼ੀ ਤੇ ਕਾਫ਼ਰ ਸਿਖਾਂ ਨੂੰ ਬਦ-ਦੁਆਈਂ ਦੇ ਰਿਹਾ ਹੁੰਦਾ।

ਫ਼ੌਜੀ ਛਾਉਣੀਆਂ ਨੂੰ ਜਾਣ ਵਾਲਾ ਰਸਦ ਪਠਾ, ਘੋੜਿਆਂ ਦੇ ਸੌਦਾਗਰ, ਬਰੂਦ ਦੇ ਲੱਦੇ ਸਰਕਾਰੀ ਗਡੇ, ਹਾਲਾ ਮਾਲੀਆ ਉਘਰ ਕੇ ਲਾਹੌਰ ਨੂੰ ਜਾਂ ਪਰਗਣਿਆਂ ਵਲ ਲਿਆਂਦਾ ਜਾ ਰਿਹਾ, ਛਾਉਣੀਆਂ ਵਿਚ ਤਾਰੀਆਂ ਜਾਣ ਵਾਲੀਆਂ ਤਨਖਾਹਾਂ ਲਈ ਜਾ ਰਿਹਾ ਖਜ਼ਾਨਾ, ਸਿੰਘਾਂ ਦੇ ਦੋਖੀ ਚੌਧਰੀਆਂ ਦੀਆਂ ਫਸਲਾਂ ਤੇ ਦਾਣੇ ਫੱਕੇ ਦੇ ਜ਼ਖ਼ੀਰੇ ਜੋ ਸਰਕਾਰ ਨੂੰ ਪੁਜਦੇ ਕਰਨ ਲਈ ਉਨ੍ਹਾਂ ਦੇ ਜ਼ਿੰਮੇ ਲੱਗੇ ਹੁੰਦੇ ਸਨ ਅਤੇ ਮੁਗਲ ਜਾਂ ਪਠਾਣ ਸੌਦਾਗਰਾਂ ਦੇ ਮਾਲ ਨਾਲ ਲੱਦੇ ਹੋਏ ਕਾਫ਼ਲੇ ਸਿੰਘਾਂ ਦਾ ਖਾਸ ਨਿਸ਼ਾਨਾ ਹੁੰਦੇ ਸਨ। ਆਪਣੀਆਂ ਸਾਰੀਆਂ ਲੋੜਾਂ ਉਹ ਇੰਜ ਸਰਕਾਰ ਦੇ ਸਿਰੋਂ ਹੀ ਪੂਰੀਆਂ ਕਰਿਆ ਕਰਦੇ ਸਨ। ਅਤੇ ਜਦ ਸਿੰਘ ਕਦੀ ਮਾਰ ਧਾੜ ਕਰ ਕੇ ਵਾਪਸ ਆਉਂਦੇ ਤਾਂ ਇਸ ਵਾੜੇ ਵਿਚ ਆ ਕੇ ਅੰਗੀਠੇ ਦੇ ਆਸ ਪਾਸ ਪਏ ਖੁੰਡਾਂ ਨਾਲ ਤਰੰਗਾਂ ਦੀਆਂ ਲਗਾਮਾਂ ਅੜਾ ਕੇ ਪਲ ਕੁ ਅੱਗ ਦਾ ਨਿਘ ਲੈ ਲੈਂਦੇ। ਭਾਈ ਤਾਰਾ ਸਿੰਘ ਦੇ ਲੰਗਰੋਂ ਪ੍ਰਸ਼ਾਦ ਪਾਣੀ ਛਕ ਕੇ, ਨੀਂਦਰਾ ਤੇ ਥਕੇਵਾਂ ਭੰਨ ਕੇ, ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਵਾੜਿਉਂ ਨਿਕਲ ਕੇ ਜੰਗਲਾਂ ਬੇਲਿਆਂ ਵਿਚ ਅਲੋਪ ਹੋ ਜਾਂਦੇ ਤੇ ਅਗਲੇ ਸ਼ਿਕਾਰ ਦੀ ਸੂਹ ਤੇ ਉਸ ਦੇ ਪਿਛੇ ਲਗ ਜਾਂਦੇ। ਇਹ ਸੀ ਉਸ ਵੇਲੇ ਰਾਠ ਸਿੰਘਾਂ ਦੇ ਜੀਵਨ ਦਾ ਨਿਤ ਦਾ ਰੁਝੇਵਾਂ।

(ਚਲਦਾ)

---

**ਸੋਧ ਲਵੋ ਜੀ**—ਸੂਰਾ ਨਵੰਬਰ, ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੨)

ਸਫਾ ੧੫, ਸਤਰ ੧੩—ਨੌਸ਼ਹਿਰਾ ਪੰਨੂਆ ਦਾ ਚੌਧਰੀ ਹਿੰਮਤ ਰਾਏ।

ਸਤਰ ੨੭—ਡਲ ਅਤੇ ਵਾਂ ਪਿੰਡ ਦੀ ਵਿਥ ਚਾਰ ਕਿਲੋਮੀਟਰ।

ਸਤਰ ੩੦—ਦੋਹਾਂ ਪਿੰਡਾਂ (ਡਲ ਤੇ ਵਾਂ) ਵਿਚ ਕ੍ਰਮਵਾਰ ਬਾਠ ਤੇ ਬੁੱਟਰ ਗੋਤ ਦਿਆਂ ਜੱਟਾਂ ਦੀ ਵਸੋਂ ਹੈ।

ਸਫਾ ੧੭, ਸਤਰ ੪—ਇਕ ਸਿਖ ਮਿਲਵਰਤਨੀਆ ਤੇ ਦੂਜਾ ਨਾ-ਮਿਲਵਰਤਨੀਆ।



www.AKJ.Org

# ਦਿੱਲੀ ਦੀ ਕਤਲਿ ਆਮ

[ਸ: ਅਜਮੇਰ ਸਿੰਘ ਜੀ]

*ਨਾਦਰ ਸ਼ਾਹ ਦੀ ਆਪਣੀ ਲਿਖਤ ਵਿਚੋਂ–*

**ਦਿੱਲੀ ਦੀ ਕਤਲਿ ਆਮ––ਹਿੰਦੁਸਤਾਨ ਦੇ ਇਤਿਹਾਸ ਦਾ ਇਕ ਦਰਦਨਾਕ ਸਾਕਾ ਹੈ। ਦਿੱਲੀ ਦੀ ਸਾਰੀ ਧਰਤੀ ਲਹੂ ਨਾਲ ਲਾਲ ਹੋ ਗਈ ਸੀ। ਦੂਰ ਦੂਰ ਤਕ ਲਾਸ਼ਾਂ ਹੀ ਲਾਸ਼ਾਂ ਦਿਸਦੀਆਂ ਸਨ। ਕਿਧਰੇ ਕੋਈ ਪੰਛੀ ਵੀ ਨਹੀਂ ਦਿਸਦਾ ਸੀ। ਪੂਰੇ ਪੰਦਰ੍ਹਾਂ ਦਿਨ ਸਾਰੀ ਦਿੱਲੀ ਵਿਚ ਸੁੰਨਸਾਨ ਰਹੀ।**

ਈਰਾਨ ਦਾ ਸ਼ਾਹ, ਨਾਦਰ ਸ਼ਾਹ ਦੁਰਾਨੀ ੯ ਮਾਰਚ ੧੯੩੯ ਨੂੰ ਜਦੋਂ ਦਿੱਲੀ ਫ਼ਤਹ ਕਰ ਕੇ ਲਾਲ ਕਿਲ੍ਹੇ ਵਿਚ ਦਾਖ਼ਲ ਹੋਇਆ ਤਾਂ ਉਸ ਪਿਛੋਂ ਦਿੱਲੀ ਦੇ ਕੁਝ ਲੋਕਾਂ ਨੇ ਈਰਾਨੀ ਸਿਪਾਹੀਆਂ ਨਾਲ ਬਹੁਤ ਬੁਰਾ ਸਲੂਕ ਕੀਤਾ ਅਤੇ ਦੋ ਮੁਗ਼ਲਾਂ ਪਠਾਣਾਂ ਨੇ ਮੁਲਖਈਏ ਨੂੰ ਭੜਕਾ ਕੇ ਕੁਝ ਈਰਾਨੀ ਸਿਪਾਹੀਆਂ ਨੂੰ ਕਤਲ ਕਰ ਦਿਤਾ ਤੇ ਕਿਲ੍ਹੇ ਵਿਚ ਦਾਖ਼ਲ ਹੋਣ ਲਈ ਚਾਲੇ ਪਾ ਦਿਤੇ। ਨਾਦਰ ਸ਼ਾਹ ਆਪ ਕਿਲ੍ਹੇ ਤੋਂ ਬਾਹਰ ਆਇਆ ਤਾਂ ਉਸ ਤੇ ਵੀ ਇੱਟਾਂ-ਪੱਥਰ ਸੁਟੇ ਗਏ।

ਲੇਖਕ ਨੇ ਇਹ ਸਾਰੇ ਸਮਾਚਾਰ ਨਾਦਰ ਸ਼ਾਹ ਦੀ ਆਪਣੀ ਜ਼ਬਾਨੀ ਵਿਸਥਾਰ ਨਾਲ ਲਿਖੇ ਹਨ। ਅਗੋਂ ਦਿੱਲੀ ਦੀ ਇਸ ਕਤਲਿ ਆਮ ਬਾਰੇ ਨਾਦਰ ਸ਼ਾਹ ਲਿਖਦਾ ਹੈ–

ਬੱਸ ! ਹੁਣ ਸਾਡੇ ਸਬਰ ਦਾ ਪਿਆਲਾ ਭਰ ਚੁੱਕਿਆ ਸੀ। ਅਸੀਂ ਆਪਣੇ ਸਿਪਾਹੀਆਂ ਨੂੰ ਇਕੱਠੇ ਕਰ ਕੇ, ਉਨ੍ਹਾਂ ਦੇ ਸਾਹਮਣੇ ਆਪਣੀ ਤਲਵਾਰ ਨੂੰ ਮਿਆਨ ਵਿਚੋਂ ਬਾਹਰ ਕੱਢਿਆ ਤੇ ਗੁੱਸੇ ਨਾਲ ਹੁਕਮ ਦਿੱਤਾ ਕਿ 'ਹੁਣ ਝੱਟ ਪੱਟ ਕਤਲਿਆਮ ਸ਼ੁਰੂ ਕਰ ਦੇਵੋ। ਦਿੱਲੀ ਦਾ ਕੋਈ ਵਸਨੀਕ ਜ਼ਿੰਦਾ ਨਾ ਰਹੇ। ਕੋਈ ਬੱਚਾ, ਬੁੱਢਾ, ਜਵਾਨ, ਕੁੜੀ ਜਾਂ ਮੁੰਡਾ, ਤੀਵੀਂ ਜਾਂ ਮਰਦ, ਜੋ ਵੀ ਨਜ਼ਰ ਆਵੇ ਸਭ ਨੂੰ ਕਤਲ ਕਰ ਦੇਵੋ। ਸਾਡੀ ਖੁਸ਼ੀ ਇਸ ਗੱਲ ਵਿਚ ਹੈ ਕਿ ਸਾਰੇ ਦਿੱਲੀ ਸ਼ਹਿਰ ਵਿਚ ਸਾਨੂੰ ਕਿਧਰੇ ਕੋਈ ਦਿੱਲੀ ਦਾ ਵਸਨੀਕ ਨਜ਼ਰ ਨਾ ਆਵੇ।'

ਈਰਾਨੀ ਸਿਪਾਹੀ ਤਾਂ ਪਹਿਲੋਂ ਹੀ ਇਸ ਤਰ੍ਹਾਂ ਦੇ ਹੁਕਮ ਦੀ ਉਡੀਕ ਵਿਚ ਸਨ। ਉਹ ਇੱਲਾਂ ਦੀ ਤਰ੍ਹਾਂ ਝਪਟ ਪਏ। ਮਿੰਟਾਂ ਸਕਿੰਟਾਂ ਵਿਚ ਹੀ ਸਾਰੀ ਧਰਤੀ ਲਹੂ ਲੁਹਾਨ ਹੋ ਗਈ। ਲਾਸ਼ਾਂ ਦੇ ਢੇਰ ਲੱਗ ਗਏ। ਅਸੀਂ ਹੁਕਮ ਦਿੱਤਾ ਕਿ ਜਦ ਤੱਕ ਸਾਡੀ ਤਲਵਾਰ ਮਿਆਨ ਵਿਚ ਨਹੀਂ ਪੈਂਦੀ, ਇਹ ਕਤਲਿਆਮ ਇਸੇ ਤਰ੍ਹਾਂ ਜਾਰੀ ਰਹਿਣੀ ਚਾਹੀਦੀ ਹੈ। ਬੱਸ ! ਜੋ ਵੀ ਦਿਸਦਾ ਹੈ, ਉਸ ਨੂੰ ਪਾਰ ਬੁਲਾਵੋ। ਮੁਟਿਆਰਾਂ ਨੂੰ ਨੰਗੀਆਂ ਕਰੋ। ਨਿੱਕੇ ਬੱਚਿਆਂ ਨੂੰ ਨੇਜ਼ਿਆਂ ਵਿਚ ਟੰਗੋ। ਮਨੁਖਾਂ ਦੀਆਂ ਗਰਦਨਾਂ ਨੂੰ ਤਲਵਾਰਾਂ ਨਾਲ ਇਉਂ ਕਟੋ, ਜਿਵੇਂ ਗਾਜਰਾਂ ਮੂਲੀਆਂ ਨੂੰ ਕੱਟੀਦਾ ਹੈ।

**ਬੱਸ, ਸਾਡੇ ਦੇਖਦਿਆਂ ਦੇਖਦਿਆਂ ਹੀ ਦੂਰ ਦੂਰ ਤੱਕ ਧਰਤੀ ਲਾਲ ਹੋ ਗਈ। ੧੦ ਮਾਰਚ ਨੂੰ ਹੋਲੀ ਦਾ ਤਿਉਹਾਰ ਸੀ ਤੇ ਦਿੱਲੀ ਦੇ ਲੋਕਾਂ ਨੇ ਲਾਲ ਰੰਗ ਦੇ ਪਾਣੀ ਨਾਲ ਹੋਲੀ ਖੇਡਣੀ ਸੀ, ਪਰ ਅੱਜ ਅਸੀਂ ਲਾਲ ਪਾਣੀ ਨਾਲ ਨਹੀਂ ਸਗੋਂ ਲਾਲ ਲਹੂ ਨਾਲ ਹੋਲੀ ਖੇਡਣ ਦੀ ਖੁਸ਼ੀ ਮਨਾ ਰਹੇ ਸਾਂ।...**

ਇਸੇ ਦੁਪਹਿਰ ਤੋਂ ਮਗਰੋਂ ਜਦੋਂ ਅਸੀਂ ਲਾਲ ਕਿਲ੍ਹੇ ਵਿਚ ਆਰਾਮ ਨਾਲ ਬੈਠੇ ਹੋਏ ਸਾਂ ਤਾਂ ਦਿਲੀ ਦੇ ਇਕ ਸਰਕਾਰੀ ਅਹਿਲਕਾਰ ਮੁਹੰਮਦ ਸ਼ਾਹ ਨੇ ਮੁਲਾਕਾਤ ਕਰਨ ਦੀ ਆਗਿਆ ਮੰਗੀ।

**ਇਸ ਨੇ ਹੱਥ ਜੋੜ ਕੇ ਸਾਡੀ ਪ੍ਰਸੰਸਾ ਕਰਦਿਆਂ ਕਿਹਾ ਕਿ ਕਮਾਲ ਹੋ ਗਈ ਏ। ਇਸ ਤਰ੍ਹਾਂ ਦਾ**



www.AKJ.Org

ਸ਼ਾਨਦਾਰ ਤੇ ਕਾਮਯਾਬ ਕਤਲਿਆਮ ਇਸ ਦਿੱਲੀ ਦੀ ਧਰਤੀ ਨੇ ਸ਼ਾਇਦ ਅੱਜ ਤੱਕ ਕਦੀ ਵੀ ਨਾ ਵੇਖਿਆ ਹੋਵੇ। ਕਿਧਰੇ ਕੋਈ ਚਿੜੀ ਵੀ ਚੂੰ ਚੂੰ ਕਰਦੀ ਸੁਣਾਈ ਨਹੀਂ ਦਿੰਦੀ। ਸਾਰੇ ਚੁੱਪ ਚਾਂ ਹਨ। ਹਜ਼ੂਰ ਦਾ ਬੋਲ ਬਾਲਾ ਹੋ ਰਿਹਾ ਹੈ।......

ਕਤਲਿ-ਆਮ ਬੰਦ ਹੋਇਆ—

ਦਿੱਲੀ ਦਾ ਇਕ ਬੜਾ ਪ੍ਰਸਿੱਧ ਹਕੀਮ ਜਿਸ ਦਾ ਨਾਮ ਅਲਵੀ ਖਾਂ ਸੀ, ਅਸੀਂ ਇਸ ਦੀ ਪ੍ਰਸਿੱਧਤਾ ਸੁਣੀ ਹੋਈ ਸੀ। ਇਹ ੯੪ ਸਾਲਾਂ ਦਾ ਬੁੱਢਾ ਸੀ। ਪਰ ਇਸ ਦੀ ਬੋਲਚਾਲ, ਇਸ ਦੀ ਅਕਲ, ਇਸ ਦਾ ਗੱਲਬਾਤ ਕਰਨ ਦਾ ਢੰਗ, ਇਸ ਦਾ ਸਲੀਕਾ, ਇਸ ਦਾ ਤੌਰ ਤਰੀਕਾ, ਇਸ ਦੀ ਹਿਕਮਤ ਖਾਸ ਕਰਕੇ ਬਹੁਤ ਕਮਾਲ ਦੀ ਸੀ। ਸਾਡੇ ਦਿਲ ਵਿਚ ਇਸ ਦੇ ਲਈ ਅਦਬ ਸੀ। ਅਸੀਂ ਆਪ ਸੁਨੇਹਾ ਭੇਜ ਕੇ ਇਸ ਨੂੰ ਮੁਲਾਕਾਤ ਲਈ ਸੱਦਿਆ।

ਇਹ ਉਮਰ-ਰਸੀਦਾ ਵਿਚਾਰਾ ਬੁੱਢਾ ਜਦੋਂ ਸਾਡੇ ਸਾਹਮਣੇ ਆਇਆ ਤਾਂ ਇਸ ਦੀਆਂ ਅੱਖਾਂ ਵਿਚ ਹੰਝੂ ਸਨ। ਇਹ ਉਦਾਸ ਸੀ। ਇਹ ਰੋ ਰਿਹਾ ਸੀ। ਇਸ ਦੇ ਆਂਢ-ਗੁਆਂਢ ਵਿਚ ਲਾਸ਼ਾਂ ਹੀ ਲਾਸ਼ਾਂ ਸਨ। ਇਸ ਦੇ ਸਾਰੇ ਟੱਬਰ ਵਿਚੋਂ ਇਕ ਇਹ ਆਪ ਤੇ ਇਕ ਇਸ ਦੀ ਵੱਡੀ ਲੜਕੀ ਜ਼ਿੰਦਾ ਬਚ ਸਕੀ। ਅਸੀਂ ਇਸ ਨੂੰ ਢਾਰਸ ਦਿੱਤੀ। ਇਸ ਨੂੰ ਆਪਣੇ ਕੋਲ ਬਿਠਾਇਆ। ਹੌਸਲਾ ਦਿੱਤਾ ਤੇ ਫੇਰ ਦੱਸਿਆ ਕਿ ਇਸ ਕਤਲਿਆਮ ਲਈ ਦਿੱਲੀ ਦੇ ਲੋਕ ਖ਼ੁਦ ਕਸੂਰਵਾਰ ਤੇ ਦੋਸ਼ੀ ਹਨ। ਇਹ ਝੂਠੇ ਹਨ, ਬੇਅਦਬ ਹਨ, ਲਾਲਚੀ ਹਨ, ਪਾਪੀ ਹਨ, ਅਕ੍ਰਿਤਘਣ ਹਨ, ਕਮੀਨੇ ਹਨ।

**ਹਕੀਮ ਅਲਵੀ ਖਾਂ ਨੇ ਕਿਹਾ 'ਮੈਂ ਮੰਨਦਾ ਹਾਂ। ਪਰ ਇਹ ਕਿਥੋਂ ਦਾ ਇਨਸਾਫ ਹੋਇਆ ਕਿ ਕਸੂਰ ਹੋਵੇ ਹੋਰ ਕਿਸੇ ਦਾ ਤੇ ਕਤਲ ਕਰ ਦਿੱਤੇ ਜਾਣ ਬੇਗੁਨਾਹ, ਮਾਸੂਮ ਤੇ ਨਿਰਦੋਸ਼ ਬੱਚੇ। ਗੁਲਾਬ ਜੈਸੇ ਸੋਹਣੇ ਮੁਖੜਿਆਂ ਨੂੰ ਮਰੁੰਡ ਦੇਣਾ, ਇਹ ਕੋਈ ਬਹਾਦਰੀ ਨਹੀਂ।'**

ਹਕੀਮ ਸਾਹਿਬ ਦੇ ਇਸ ਇਤਰਾਜ਼ ਦਾ ਅਸੀਂ ਕੋਈ ਜੁਆਬ ਨਾ ਦੇ ਸਕੇ। ਅਸੀਂ ਚੁੱਪ ਰਹੇ। ਅਸੀਂ ਮਹਿਸੂਸ ਕੀਤਾ ਕਿ ਕਤਲਿਆਮ ਦਾ ਹੁਕਮ ਕੋਈ ਖਾਸ ਪ੍ਰਸੰਸਾ ਵਾਲਾ ਕਾਰਨਾਮਾ ਨਹੀਂ। ਪਰ ਇਸ ਗੱਲ ਦੀ ਖੁਸ਼ੀ ਜ਼ਰੂਰ ਸੀ ਕਿ ਇਸ ਭਿਆਨਕ ਘਟਨਾ ਨੂੰ ਦਿੱਲੀ ਦੇ ਲੋਕ ਸਦੀਆਂ ਤੱਕ ਯਾਦ ਜ਼ਰੂਰ ਰੱਖਣਗੇ। ਅਸੀਂ ਕਤਲਿ-ਆਮ ਨੂੰ ਬੰਦ ਕਰਨ ਦਾ ਹੁਕਮ ਦਿਤਾ, ਪਰ ਇਸ ਤੋਂ ਮਗਰੋਂ ਪੂਰੇ ੧੫ ਦਿਨ ਦਿੱਲੀ ਵਿਚ ਸੁੰਨ-ਸਾਨ ਛਾਈ ਰਹੀ।

—ਅਜੀਤ ਮੈਗਜ਼ੀਨ, ੨੫-੧੧-੮੪

## ਰਾਮਪੁਰ ਖੇੜਾ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਬਾਬਾ ਹਰਨਾਮ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਰਾਮਪੁਰ ਖੇੜਾ ਵਿਖੇ ੩ ਜਨਵਰੀ ੧੯੮੫ ਵੀਰਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ੪ ਜਨਵਰੀ ਦੁਪਹਿਰ ਤਕ ਪ੍ਰੋਗਰਾਮ ਹੋਣਗੇ। ਆਇ ਜੁੜੋ ਜੀ।

ਦਾਸ—ਸੇਵਾ ਸਿੰਘ (ਬਾਬਾ), ਰਾਮਪੁਰ ਖੇੜਾ, ਡਾ: ਗੜ੍ਹਦੀਵਾਲਾ (ਹੁਸ਼ਿਆਰਪੁਰ)

## ਸ਼ੋਕ ਸਮਾਚਾਰ

ਭਾਈ ਸਾਹਿਬ ਗੁਰਚਰਨ ਜੀਤ ਸਿੰਘ ਅਖੰਡ ਕੀਰਤਨੀ ਜੱਥੇ ਦੇ ਗੁਰੂ ਕੇ ਲਾਲ ਹਰਜਿੰਦਰ ਨਗਰ ਕਾਨਪੁਰ ਵਿਖੇ ਹਮਲਾਵਰਾਂ ਦਾ ਮੁਕਾਬਲਾ ਕਰਦੇ ਜੂਝ ਕੇ ਸ਼ਹੀਦੀ ਪਾ ਗਏ ਹਨ। ੧੮-੧੧-੮੪ ਨੂੰ ਉਨ੍ਹਾਂ ਦੇ ਨਮਿਤ ਰੱਖੇ ਗਏ ਅਖੰਡ ਪਾਠ ਤੇ ਅੰਤਮ ਕੀਰਤਨ ਅਰਦਾਸ ਕੀਤੀ ਗਈ।

ਦਾਸ—ਹਰਭਜਨ ਸਿੰਘ, ਸਿੱਖ ਬੁਕ ਸੈਂਟਰ, ਲੁਧਿਆਣਾ



www.AKJ.Org

# ਪਾਗਲਪਨ ਦੀ ਹੱਦ

—ਬਰਜਿੰਦਰ ਸਿੰਘ

ਸ੍ਰੀਮਤੀ ਗਾਂਧੀ ਦੇ ਕਤਲ ਅਤੇ ਉਸ ਤੋਂ ਬਾਅਦ ਸਸਕਾਰ ਹੋਣ ਤੱਕ ਦੇ ਚਾਰ ਦਿਨਾਂ ਦੇ ਅਰਸੇ ਦੌਰਾਨ ਬਹੁਤ ਸਾਰੇ ਲੋਕਾਂ ਵਲੋਂ ਅਫਸੋਸ ਅਤੇ ਰੋਸ ਪ੍ਰਗਟ ਕਰਨਾ ਕੁਦਰਤੀ ਸੀ, ਕਿਉਂਕਿ ਸ੍ਰੀਮਤੀ ਗਾਂਧੀ ਨੂੰ ਮੁਲਕ ਦੇ ਬਹੁਤੇ ਲੋਕਾਂ ਵਲੋਂ ਪਿਆਰਿਆ ਤੇ ਸਤਿਕਾਰਿਆ ਜਾਂਦਾ ਸੀ। ਪਰ ਇਸ ਸਮੇਂ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਭੜਕੇ ਹੋਏ ਹਜੂਮਾਂ ਵਲੋਂ ਜੋ ਵਹਿਸ਼ੀਆਨਾ ਕਾਰਵਾਈਆਂ ਕੀਤੀਆਂ ਗਈਆਂ, ਉਨ੍ਹਾਂ ਨੂੰ ਪਾਗਲਪਨ ਦੀ ਹੱਦ ਕਿਹਾ ਜਾ ਸਕਦਾ ਹੈ......

ਅਸੀਂ ਇਹ ਗੱਲਾਂ ਬੇਹੱਦ ਭਰੇ ਹੋਏ ਮਨ ਨਾਲ ਅਤੇ ਅਫ਼ਸੋਸ ਨਾਲ ਦੁਹਰਾਉਂਦੇ ਹਾਂ ਕਿ ਇਨ੍ਹਾਂ ਦਿਨਾਂ ਵਿਚ ਫ਼ਿਰਕੂ ਜਨੂੰਨੀਆਂ ਵਲੋਂ ਵਹਿਸ਼ੀਪਨ ਦਾ ਜੋ ਨੰਗਾ ਨਾਚ ਮੁਲਕ ਭਰ ਵਿਚ ਨਚਿਆ ਗਿਆ, ਉਸ ਤੇ ਸਾਨੂੰ ਸ਼ਰਮਸਾਰ ਹੀ ਨਹੀਂ ਹੋਣਾ ਚਾਹੀਦਾ, ਸਗੋਂ ਪਸ਼ਚਾਤਾਪ ਕਰਨਾ ਚਾਹੀਦਾ ਹੈ। ਇਹ ਹੋਰ ਵੀ ਦੁੱਖ ਦੀ ਗੱਲ ਹੈ ਕਿ ਇਸ ਸਾਰੇ ਸਮੇਂ ਵਿਚ ਸਰਕਾਰ ਨਾਂ ਦੀ ਕੋਈ ਚੀਜ਼ ਵੇਖਣ ਵਿਚ ਨਹੀਂ ਆਈ। ਜੇਕਰ ਮੁਲਕ ਦੀ ਘਟਗਿਣਤੀ ਦੇ ਇਕ ਫ਼ਿਰਕੇ ਨਾਲ ਅਜਿਹਾ ਵਰਤਾਅ ਕੀਤਾ ਜਾਂਦਾ ਹੈ ਅਤੇ ਇਸ ਸਾਰੇ ਅਰਸੇ ਵਿਚ ਕੋਈ ਵੀ ਪ੍ਰਬੰਧਕੀ ਪ੍ਰਭਾਵ-ਸ਼ਾਲੀ ਕਦਮ ਨਹੀਂ ਚੁੱਕੇ ਜਾਂਦੇ ਤਾਂ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਹ ਗੱਲ ਅਤੇ ਅਜਿਹੀਆਂ ਭਾਵਨਾਵਾਂ ਦੇਸ਼ ਦੀ ਅਖੰਡਤਾ ਲਈ ਬੇਹੱਦ ਖ਼ਤਰਨਾਕ ਸਾਬਤ ਹੋਣਗੀਆਂ। ਅਜਿਹੀਆਂ ਗੱਲਾਂ ਨਾ ਸਿਰਫ ਘੁੱਟ-ਗਿਣਤੀਆਂ ਵਿਚ ਮੁਲਕ ਦੀ ਬਹੁ-ਗਿਣਤੀ, ਪ੍ਰਬੰਧਕਾਂ ਅਤੇ ਸਰਕਾਰ ਪ੍ਰਤੀ ਅਵਿਸ਼ਵਾਸ ਹੀ ਪੈਦਾ ਕਰਨਗੀਆਂ ਸਗੋਂ ਉਨ੍ਹਾਂ ਦੇ ਮਨਾਂ ਵਿਚ ਪੈਦਾ ਹੋਇਆ ਰੋਸ ਅਜਿਹੇ ਕਰਮਾਂ ਨੂੰ ਜਨਮ ਦੇ ਸਕਦਾ ਹੈ ਜਿਨ੍ਹਾਂ ਦੇ ਨਤੀਜਿਆਂ ਬਾਰੇ ਸੋਚ ਕੇ ਕੋਈ ਮਨ ਵੀ ਸਥਿਰ ਨਹੀਂ ਰਹਿ ਸਕਦਾ।

ਸਾਡੀ ਕੇਂਦਰੀ ਸਰਕਾਰ ਨੂੰ ਦਿਲ ਦੀਆਂ ਡੂੰਘਾਣਾਂ ਚੋਂ ਨਿਕਲੀ ਇਹ ਅਪੀਲ ਹੈ ਕਿ ਉਹ ਹਰ ਕੀਮਤ ਤੇ ਸਿੱਖਾਂ ਦੇ ਮਨਾਂ ਦੇ ਤਿੜਕੇ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਦਾ ਫ਼ੌਰੀ ਤੌਰ ਤੇ ਨੇਕ ਨੀਅਤੀ ਨਾਲ ਯਤਨ ਕਰੇ ਅਤੇ ਉਨ੍ਹਾਂ ਦੇ ਮਨਾਂ ਵਿਚ ਇਨ੍ਹਾਂ ਭਾਵਨਾਵਾਂ ਦਾ ਮੁੜ ਸੰਚਾਰ ਕਰੇ ਕਿ ਉਹ ਵੀ ਹੋਰਾਂ ਫਿਰਕਿਆਂ ਵਾਂਗ ਹੀ ਭਾਰਤ ਦੇ ਨਾਗਰਿਕ ਹਨ। ਜੇਕਰ ਆਪਣੇ ਕਰਮਾਂ ਰਾਹੀਂ ਸਰਕਾਰ ਘੱਟ-ਗਿਣਤੀ ਦੇ ਏਸ ਮਹੱਤਵਪੂਰਨ ਫਿਰਕੇ ਵਿਚ ਅਜਿਹਾ ਵਿਸ਼ਵਾਸ ਪੈਦਾ ਕਰਨ ਵਿਚ ਕਾਮਯਾਬ ਨਾ ਹੋਈ ਤਾਂ ਨਿਸਚੇ ਹੀ ਇਹ ਜਿੱਥੇ ਸਰਕਾਰ ਦੀ ਬੜੀ ਵੱਡੀ ਸ਼ਕੱਸਤ ਹੋਵੇਗੀ ਉਥੇ ਮੁਲਕ ਲਈ ਹੋਰ ਵੀ ਗੰਭੀਰ ਚੁਨੌਤੀਆਂ ਖੜ੍ਹੀਆਂ ਕਰ ਦੇਵੇਗੀ। ਅਜੀਤ ੪-੧੧-੮੪

## ਦੋ ਗੀਤ

[ਸ: ਕਰਤਾਰ ਸਿੰਘ ਜੀ ਦੁੱਗਲ]

ਜਦ ਬਾੜ ਖੇਤ ਨੂੰ ਖਾਏ
ਕੋਈ ਭਜ ਕੇ ਕਿਥੇ ਜਾਏ ?
ਨੀ ਮਾਏ ਮੇਰੀਏ !
ਜਦ ਵੀਰ ਵੀਰਾਂ ਨੂੰ ਵਢਣ
ਕੋਈ ਕਿਸ ਨੂੰ ਆਖ ਸੁਣਾਏ ?
ਨੀ ਮਾਏ ਮੇਰੀਏ !
ਉਨ੍ਹਾਂ ਹਰ ਹਤਿਆਰੇ ਪਿਛੇ
ਸੌ ਸੌ ਮਾਸੂਮ ਗਿਣਾਏ !
ਨੀ ਮਾਏ ਮੇਰੀਏ !
ਸਚਖੰਡ ਦਾ ਮੱਥਾ ਭੰਨਿਆ
ਅਬਦਾਲੀ ਬਣ ਕੇ ਆਏ।
ਨੀ ਮਾਏ ਮੇਰੀਏ !

ਇਸ ਵਾਰ ਗੁਰੂ ਦੀ ਨਗਰੀ ਵਿਚ
ਕੁਝ ਹੰਝੂ ਸਨ, ਕੁਝ ਹੌਕੇ ਸਨ।
ਕਿਤੇ ਰਤੋ–ਰਤ ਮੁਹਾਠਾਂ ਸਨ
ਕਿਤੇ ਲਹੂ ਦੇ ਪੱਚੇ ਚੌਕੇ ਸਨ।
ਇਸ ਵਾਰ ਗੁਰੂ ਦੀ ਨਗਰੀ ਵਿਚ
ਕਿਤੇ ਚੀਸਾਂ ਸਨ, ਫ਼ਰਿਆਦਾਂ ਸਨ
ਕਿਤੇ ਵੈਣ ਸੁਣੀਂਦੇ ਮਾਵਾਂ ਦੇ
ਕਿਤੇ ਰੁਲਦੀਆਂ ਫਿਰਦੀਆਂ ਯਾਦਾਂ ਸਨ।
ਇਸ ਵਾਰ ਗੁਰੂ ਦੀ ਨਗਰੀ ਵਿਚ
ਇਕ ਭੈਣ ਨੇ ਮੈਨੂੰ ਦਸਿਆ ਹੈ;
ਉਹਦਾ ਵੀਰ ਉਨ੍ਹਾਂ ਵਢ ਛਡਿਆ
ਉਸ ਨਾਂ ਹੋਰ ਕਿਉਂ ਰਖਿਆ ਹੈ ?......



www.AKJ.Org

# ਚਮਕੌਰ ਸਾਹਿਬ ਦਾ ਯੁਧ

[ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਛਿੜਿਆ ਸੀ ਜੰਗ ਜਦੋਂ ਗੜ੍ਹੀ ਚਮਕੌਰ ਦਾ। ਟੁਟਿਆ ਗ਼ਜ਼ਬ ਜਦੋਂ ਮੁਗਲਾਂ ਦੇ ਦੌਰ ਦਾ।
ਲਖਾਂ ਜੰਗ-ਬਾਜ਼ਾਂ ਨਾਲ ਚਾਲੀ ਸਿੰਘ ਟਕਰੇ। ਚਾਲੀਆਂ ਨੇ ਕੀਤੇ ਸੀ ਹਜ਼ਾਰਾਂ ਵੈਰੀ ਡਕਰੇ।
ਪੰਜ ਪੰਜ ਸਿੰਘ ਬਣ ਬਿਜਲੀ ਜਾਂ ਟੁਟਦੇ। ਵੈਰੀਆਂ ਦੇ ਸਿਰ ਕਚੇ ਘੜੇ ਵਾਂਗ ਫੁਟਦੇ।
ਮਾਰ ਮਾਰ ਸੈਂਕੜੇ ਸ਼ਹੀਦ ਹੋਏ ਖਾਲਸੇ। ਮਿਤਰ ਪਿਆਰੇ ਦੇ ਮੁਰੀਦ ਹੋਏ ਖਾਲਸੇ।

ਪਿਤਾ ਨੇ ਅਜੀਤ ਸਿੰਘ ਲਾਲ ਨੂੰ ਪੁਕਾਰਿਆ। ਮੌਤ ਦੇ ਵਿਹਾਜਣੇ ਲਈ ਪੁਤ ਨੂੰ ਸ਼ਿੰਗਾਰਿਆ।
ਕਹਿੰਦੇ ਮੈਨੂੰ ਸਿੰਘਾਂ ਅਤੇ ਪੁਤਰਾਂ ਚਿ ਭੇਦ ਨਹੀਂ। ਵਾਰਾਂ ਦੋਵੇਂ ਦੇਸ਼ ਉਤੋਂ ਮਨ ਵਿਚ ਖੇਦ ਨਹੀਂ।
ਚਲਿਆ ਅਜੀਤ ਸਿੰਘ ਜੰਗ ਦੇ ਮੈਦਾਨ ਨੂੰ। ਪਿਤਾ ਨੂੰ ਝੁਕਾ ਕੇ ਸੀਸ ਚੁੰਮ ਕਿਰਪਾਨ ਨੂੰ।
ਚੁੰਮ ਮੱਥਾ ਥਾਪੜਾ ਦੇ ਪਿਤਾ ਲਾਲ ਟੋਰਿਆ। ਟੁਟਿਆ ਜਵਾਨ, ਮੁਖ ਵੈਰੀਆਂ ਦਾ ਫੇਰਿਆ।

ਮਾਰ ਮਾਰ ਵੈਰੀ ਹੋਇਆ ਅੰਤ ਨੂੰ ਸ਼ਹੀਦ ਸੀ। ਪਿਤਾ ਲਿਖੀ ਹਥੀਂ ਖ਼ੁਦ ਮੌਤ ਦੀ ਰਸੀਦ ਸੀ।
ਇਕ ਤੇ ਨਹੀਂ ਬਸ ਕੀਤੀ, ਦੂਸਰਾ ਵੀ ਘਲਿਆ। ਸੀਨਿਆਂ ਨੂੰ ਤਾਣ ਕੇ ਤੂਫਾਨ ਦੋਵਾਂ ਠਲ੍ਹਿਆ।
ਜੂਝਿਆ ਅਜੀਤ ਤਦ ਉਠਿਆ ਜੁਝਾਰ ਸੀ। ਲਾ ਕੇ ਹਥਿਆਰ ਹੋਇਆ ਜੰਗ ਨੂੰ ਤਿਆਰ ਸੀ।
ਕਰ ਕੇ ਦੁਲਾਰ ਪਿਤਾ ਉਸਨੂੰ ਵੀ ਟੋਰਿਆ। ਮੌਤ ਦਾ ਦਵਾਰ ਉਸ ਸੂਰਮੇ ਟਕੋਰਿਆ।

ਵਿਤੋਂ ਵਧ ਤੇਗ ਵਾਹੀ ਗੱਭਰੂ ਜਵਾਨ ਨੇ। ਤੋਬਾ ਤੋਬਾ ਕੂਕਦੇ ਪਏ ਮੁਗਲ ਪਠਾਨ ਨੇ।
ਉਮਰਾਂ ਛੁਟੇਰੀਆਂ ਤੇ ਘਾਲਣਾਂ ਵਡੇਰੀਆਂ। ਕੀਤੀਆਂ ਕਮਾਈਆਂ ਦੋਵਾਂ ਲਾਲਾਂ ਚਾਲੀ-ਸੇਰੀਆਂ।
ਜ਼ਾਲਿਮਾਂ ਦੀ ਰੱਤ ਨਾਲ ਰੰਗਿਆ ਮੈਦਾਨ ਸੀ। ਦੇਸ਼ ਕੌਮ ਉਤੋਂ ਹੋਇਆ ਅੰਤ ਕੁਰਬਾਨ ਸੀ।
ਜਦ ਤਕ ਰਹੇਗਾ ਜਹਾਨ ਉਤੇ ਚਾਨਣਾ। ਭੁਲੇਗਾ ਨਹੀਂ ਦੇਸ਼ ਇਹਨਾਂ ਲਾਲਾਂ ਦੀਆਂ ਘਾਲਣਾਂ।

ਵਾਰੇ ਦੋਵੇਂ ਲਾਲ, ਰਤਾ ਚੇਹਰੇ ਤੇ ਮਲਾਲ ਨਹੀਂ। ਐਸੀ ਇਤਿਹਾਸ ਵਿਚ ਲਭਦੀ ਮਿਸਾਲ ਨਹੀਂ।
ਝਲਿਆ ਵਿਛੋੜਾ ਪਿਤਾ, ਹੱਸ ਕੇ ਔਲਾਦ ਦਾ। ਸ਼ੇਰ ਜਿਹਾ ਦਿਲ ਉਹਦਾ ਜਿਗਰਾ ਫੌਲਾਦ ਦਾ।
ਪਿਤਾ ਪਹਿਲਾਂ ਪਿਛੋਂ ਪੁਤ ਕੀਤੇ ਕੁਰਬਾਨ ਨੇ। ਦੇਸ਼ ਉਤੇ ਲਖਾਂ ਦਸਮੇਸ਼ ਦੇ ਅਹਿਸਾਨ ਨੇ।
ਸਿਖ ਭੁਲ ਜਾਵੇ ਉਹਦੀ ਭਾਵਨਾ ਤੇ ਦੋਸ਼ ਹੈ। ਦੇਸ਼ ਭੁਲ ਜਾਵੇ ਤਾਂ ਅਹਿਸਾਨ-ਫ਼ਰਾਮੋਸ਼ ਹੈ।
ਆਪੇ ਨੂੰ ਮਿਟਾਇਆ ਅਤੇ ਭਲਾ ਕੀਤਾ ਸਭ ਦਾ। ਅਜ ਦਸਮੇਸ਼ ਜਿਹਾ ਗੁਰੂ ਨਹੀਂ ਲਭਦਾ।

---

# ਹਾਕਮ ਜਾਂ ਹਕੂਮਤ

ਹਾਕਮ ਜਾਂ ਹਕੂਮਤ ਦੇ ਹੱਥ ਨਿਰੰਤਰ 'ਜ਼ਹਿਰ ਤੇ ਕਹਿਰ' ਨਾਲ ਭਰੇ ਹੁੰਦੇ ਹਨ। ਮਾਇਆ-ਮੋਹ ਤੇ ਹਉਂ-ਅਭਿਮਾਨ ਉਸ ਦੀ ਰਾਜ-ਸ਼ੈਲੀ ਦੇ ਖ਼ਾਸ ਢੰਗ ਹੁੰਦੇ ਹਨ। ਨਿਮਰਤਾ, ਮਿੱਠਤ, ਪਿਆਰ ਤੇ ਧਰਮ-ਸਦਾਚਾਰ ਨਾ ਕਿਸੇ ਹਾਕਮ ਕੋਲ ਹੁੰਦਾ ਹੈ ਅਤੇ ਨਾ ਹੀ ਕੋਈ ਹਕੂਮਤ ਇਹਨਾਂ ਮਾਨਵੀ ਤੇ ਦੈਵੀ ਕੀਮਤਾਂ ਪ੍ਰਤੀ ਕਦੀ ਗੰਭੀਰ ਤੇ ਸੁਚੇਤ ਰਹਿੰਦੀ ਹੈ। ਚੂੰਕਿ ਹਾਕਮ ਜਾਂ ਹਕੂਮਤ ਦਾ ਪ੍ਰਥਮ ਹਿਤ ਆਪਣੇ 'ਰਾਜ-ਅਭਿਮਾਨ' ਨੂੰ ਸਥਾਪਿਤ ਸੁਰੱਖਿਅਤ ਰਖਣਾ ਹੁੰਦਾ ਹੈ ਇਸ ਲਈ ਉਹ ਕੂੜ-ਕ੍ਰਿਆ ਦੇ ਹਰ ਅੰਸ਼ ਦੀ ਵਰਤੋਂ ਕਰ ਲੈਣਾ ਜਾਇਜ਼ ਸਮਝ ਲੈਂਦਾ ਹੈ।

—ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਦਿੱਲੀ



www.AKJ.Org

# ਤੂਫ਼ਾਨ ਕੇ ਦੌਰ ਸੇ ਪੰਜਾਬ

ਉਪਰੋਕਤ ਹਿੰਦੀ ਪੁਸਤਕ ਸ੍ਰੀ ਕਸ਼ਿਤੀਸ਼ ਲਿਖਤ "ਦੀ ਵਰਲਡ ਪਬਲੀਕੇਸ਼ਨਜ਼" ਨਵੀਂ ਦਿਲੀ ਪ੍ਰਕਾਸ਼ਤ ਹੈ। ਇਸ ਪੁਸਤਕ ਵਿਚ ਸਿਖਾਂ ਦੇ ਵਖਰੇ ਰੂਪ ਨੂੰ ਖ਼ਤਮ ਕਰਨ ਲਈ, ਅਥਵਾ ਉਨ੍ਹਾਂ ਦੀ ਹਸਤੀ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਸਿੱਖੀ ਸਰੂਪ ਨੂੰ ਚੈਲਿੰਜ ਹੈ, ਜਿਸ ਨੂੰ ਪੜ੍ਹ ਕੇ ਸਿਖ ਹਿਰਦੇ ਤੜਪ ਉਠਦੇ ਹਨ। ਸਿਖ ਧਰਮ ਦੇ ਦੋਖੀਆਂ, ਜਿਨ੍ਹਾਂ ਨੂੰ ਸਿੱਖੀ ਸਰੂਪ ਕੰਡੇ ਵਾਂਗ ਰੜਕਦਾ ਹੈ, ਦੀਆਂ ਅਜਿਹੀਆਂ ਮੰਦ ਭਾਵਨਾਵਾਂ ਤੇ ਚਾਲਾਂ ਤੋਂ ਸਿਖ ਜਗਤ ਨੂੰ ਸਾਵਧਾਨ ਤੇ ਸੁਚੇਤ ਹੋਣ ਦੀ ਲੋੜ ਹੈ। ਕੀ ਅਜਿਹੀ ਨਫ਼ਰਤ ਫੈਲਾਉਣ ਵਾਲੀ ਅਤੇ ਫ਼ਿਰਕੂ ਭਾਵਨਾ ਵਿਚ ਤ੍ਰੇੜ ਪਾਉਣ ਵਾਲੀ ਪੁਸਤਕ ਨੂੰ ਸਰਕਾਰ ਜ਼ਬਤ ਕਰੇਗੀ? ਅਸੀਂ ਨਮੂਨੇ ਵਜੋਂ ਪੰਨਾ ੨੦੮-੦੯ ਦੇ ਸਿਰਲੇਖ "ਅਲੱਗ ਪਹਿਚਾਨ" ਦੀਆਂ ਕੁਝ ਸਤਰਾਂ ਦਾ ਪੰਜਾਬੀ ਅਨੁਵਾਦ ਹੇਠਾਂ ਦੇ ਰਹੇ ਹਾਂ। —ਸੰਪਾਦਕ

**ਵਖਰੀ ਪਛਾਣ—**......ਜੇ ਸਿਖ ਕੇਸ, ਕੰਘਾ, ਕਿਰਪਾਨ ਆਦਿ ਪੰਚ ਕਕਾਰ ਛਡ ਦੇਣ ਤਾਂ ਉਨ੍ਹਾਂ ਵਿਚ ਅਤੇ ਹਿੰਦੂਆਂ ਵਿਚ ਕੋਈ ਫ਼ਰਕ ਨਹੀਂ ਰਹੇਗਾ। ਇਸ ਵਾਸਤੇ ਉਨ੍ਹਾਂ ਨੂੰ ਆਪਣੀ ਵਖਰੀ ਪਛਾਣ ਬਣਾਈ ਰਖਣ ਲਈ ਪੰਚ ਕਕਾਰ ਤੇ ਜ਼ੋਰ ਦੇਣਾ ਜ਼ਰੂਰੀ ਹੋ ਗਿਆ। ਖੁਸ਼ਵੰਤ ਸਿੰਘ ਦਾ ਕਹਿਣਾ ਹੈ ਕਿ ਹਿੰਦੂ ਸਮਾਜ ਵਿਚ ਸਿਖਾਂ ਦੇ ਲੀਨ ਹੋ ਜਾਣ ਦੇ ਤਿੰਨ ਪੜਾਅ ਹਨ : ਪਹਿਲੇ ਪੜਾਅ ਵਿਚ ਕੇਸਾਧਾਰੀ ਸਿੱਖ ਵਾਲਾਂ ਨੂੰ ਛਾਂਟਦਾ ਹੈ ਜਾਂ ਹੁੱਕਾ ਸਿਗਰਟ ਪੀਣ ਲਗਦਾ ਹੈ। ਦੂਜੇ ਪੜਾਅ ਵਿਚ ਉਹ ਚੇਹਰਾ ਸਫ਼ਾ-ਚੱਟ ਕਰਕੇ ਸਹਿਜਧਾਰੀ ਸਿਖ ਬਣ ਜਾਂਦਾ ਹੈ ਅਤੇ ਅਖ਼ੀਰ ਵਿਚ ਤੀਜੇ ਪੜਾਅ ਵਿਚ ਉਹ ਹਿੰਦੂ ਮਹਾਂ ਸਾਗਰ ਵਿਚ ਡੁਬ ਜਾਂਦਾ ਹੈ।......

ਇਸ ਵਖਰੀ ਪਛਾਣ ਦਾ ਕੁਝ ਨੁਕਸਾਨ ਵੀ ਹੋ ਸਕਦਾ ਹੈ, ਇਹ ਵੀ ਕਦੀ ਸਿਖਾਂ ਨੇ ਸੋਚਿਆ ਹੈ? ਅਸੀਂ ਇਥੇ ਉਸ ਤੱਤ ਵਿਸ਼ੇ ਨੂੰ ਨਹੀਂ ਛੇੜਦੇ ਕਿ ਵਖਰੀ ਪਛਾਣ ਦੀ ਨਿਸ਼ਾਨੀ (ਪੰਜ ਕਕਾਰ) ਤੇ ਜ਼ੋਰ ਦੇਣ ਨਾਲ ਬਾਹਰੀ ਚਿੰਨ੍ਹਾਂ ਨੂੰ ਮਹੱਤਵ ਮਿਲਦਾ ਹੈ ਅਤੇ ਧਰਮ ਦਾ ਅੰਤਰੀਵ ਸਰੂਪ, ਜੋ ਉਸ ਦਾ ਅਸਲ ਸਰੂਪ ਹੈ, ਓਹਲੇ ਹੋ ਜਾਂਦਾ ਹੈ। ਸਿਰਫ ਵਿਵਹਾਰਕਤਾ ਦੇ ਤੌਰ ਤੇ ਇਹ ਗੱਲ ਕਹੀ ਜਾ ਰਹੀ ਹੈ।

ਪਿਛਲੇ ਦਿਨੀਂ ਡਾ: ਮਹੀਪ ਸਿੰਘ ਨੇ ਇਕ ਭਰੀ ਸਭਾ ਵਿਚ ਬੜੇ ਗੁਸੇ ਨਾਲ ਸ਼ਿਕਾਇਤ ਕੀਤੀ ਕਿ ਏਸ਼ਿਆਈ ਖੇਡਾਂ ਦੇ ਦਿਨਾਂ ਵਿਚ ਜਦੋਂ ਪੰਜਾਬ ਤੋਂ ਅਤਿਵਾਦੀ ਸਿਖਾਂ ਦੇ ਦਿਲੀ ਆਉਣ ਤੇ ਰੋਕ ਲਾ ਦਿਤੀ ਗਈ ਤਾਂ ਪੂਰਬੀ ਕਮਾਨ ਦੇ ਸੈਨਾ ਮੁਖੀ ਲੈਫ: ਜਨਰਲ (ਹੁਣ ਰੀਟਾਇਰਡ) ਜਗਜੀਤ ਸਿੰਘ ਅਰੋੜਾ, ਜਿਨ੍ਹਾਂ ਨੇ ਬੰਗਲਾ ਦੇਸ਼ ਦੀ ਮੁਕਤੀ ਵਿਚ ਪ੍ਰਮੁਖ ਭੂਮਿਕਾ ਨਿਭਾਈ ਸੀ, ਦੀ ਕਾਰ ਨੂੰ ਵੀ ਰੋਕਿਆ ਗਿਆ। ਇਸ ਤੇ ਸਾਰੇ ਸਰੋਤਿਆਂ ਨੇ 'ਸ਼ੇਮ ਸ਼ੇਮ" ਦੇ ਨਾਹਰੇ ਲਗਾਏ। ਪਰ ਅਸੀਂ ਸਮਝਦੇ ਹਾਂ ਕਿ ਇਹ ਸ੍ਰੀ ਜਗਜੀਤ ਸਿੰਘ ਦਾ ਅਪਮਾਨ ਨਹੀਂ ਸੀ। ਉਨ੍ਹਾਂ ਦੀ ਵਖਰੀ ਪਛਾਣ ਦੇ ਕਾਰਨ ਹੀ ਉਨ੍ਹਾਂ ਦੇ ਨਾਲ ਇਹ ਵਿਵਹਾਰ ਹੋਇਆ। ਸ੍ਰੀ ਅਰੋੜਾ ਦੇ ਮਥੇ ਤੇ ਤਾਂ ਲਿਖਿਆ ਨਹੀਂ ਸੀ ਕਿ ਉਹ ਅਮਕੀ ਵਿਅਕਤੀ ਹਨ ਅਤੇ ਮਾਮੂਲੀ ਸਿਪਾਹੀ ਪਾਸੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਏਡੇ ਪ੍ਰਸਿਧ ਸੈਨਾ ਮੁਖੀ ਨੂੰ ਪਛਾਣਦਾ ਹੀ ਹੋਵੇ। ਇਸ ਲਈ ਸ੍ਰੀ ਅਰੋੜਾ ਨੂੰ ਤਾਂ ਸੈਨਿਕ ਅਨੁਸ਼ਾਸਨ ਦੇ ਨਾਤੇ ਇਸ ਗੱਲ ਤੇ ਬੁਰਾ ਮਨਾਉਣ ਦੀ ਥਾਂ ਉਸ ਸਿਪਾਹੀ ਦਾ ਧੰਨਵਾਦ ਕਰਨਾ ਚਾਹੀਦਾ ਹੈ, ਜਿਸ ਨੇ ਆਪਣੇ ਕਰਤੱਵ ਦਾ ਇਤਨੀ ਕਰੜਾਈ ਨਾਲ ਪਾਲਨ ਕੀਤਾ।

ਇਸ ਵਖਰੀ ਪਛਾਣ ਦਾ ਇਕ ਹੋਰ ਖ਼ਤਰਾ ਵੀ ਨਜ਼ਰ ਆਉਂਦਾ ਹੈ। ਜਿਸ ਤਰ੍ਹਾਂ ਪਿਛੇ ਜਿਹੇ ਦੋ ਹਵਾਈ ਜਹਾਜ਼ਾਂ ਦਾ ਅਗਵਾ ਹੋਇਆ ਅਤੇ ਅਗਵਾ ਕਰਨ ਵਾਲੇ "ਵਖਰੀ ਪਛਾਣ" ਵਾਲੇ ਹੀ ਸਨ, ਜਾਂ ਪੰਜਾਬ ਵਿਚ ਜਿਤਨੇ ਅਤਿਵਾਦੀਆਂ ਦੀ ਫੜੋ ਫੜੀ ਹੋਈ ਜਾਂ ਹੋ ਰਹੀ ਹੈ, ਉਹ ਸਾਰੇ "ਵਖਰੀ ਪਛਾਣ" ਦੇ ਕਾਰਨ ਹੀ ਹੈ, ਤਾਂ ਕਿਤੇ ਭਵਿਖ ਵਿਚ ਅਜਿਹਾ ਨਾ ਹੋਵੇ ਕਿ ਸਾਰੇ ਭਾਰਤ ਵਿਚ, ਜਾਂ ਸਾਰੇ ਸੰਸਾਰ ਵਿਚ ਵੀ, ਸਾਰੇ "ਵਖਰੀ ਪਛਾਣ" ਵਾਲੇ ਸਿਖ ਭਰਾ ਸ਼ੱਕ ਦੀ ਨਿਗਾਹ ਨਾਲ ਨਾ ਵੇਖੇ ਜਾਣ ਲਗਣ ਅਤੇ ਕਿਤੇ ਕੋਈ ਵੀ ਅਪਰਾਧ ਹੋਵੇ ਤਾਂ ਕੇਵਲ "ਵਖਰੀ ਪਛਾਣ" ਦੇ ਚਿੰਨ੍ਹ ਧਾਰਨ ਕਰਨ ਦੇ ਕਾਰਨ ਹੀ ਵਿਚਾਰੇ ਬੇਦੋਸ਼ੇ ਸਿਖ ਵੀ ਗ੍ਰਿਫ਼ਤਾਰ ਕਰ ਲਏ ਜਾਣ। ਇਸ ਵਿਚ ਦੋਸ਼ ਕਾਨੂੰਨ ਦੇ ਰਾਖਿਆਂ ਦਾ ਨਹੀਂ ਹੋਵੇਗਾ, ਉਨ੍ਹਾਂ ਦੀ ਵਖਰੀ ਪਛਾਣ ਦਾ ਹੋਵੇਗਾ।

www.AKJ.Org

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦਾ

# ਕੇਂਦਰੀ ਸਾਲਾਨਾ ਸਮਾਗਮ ਲੁਧਿਆਣਾ ਵਿਖੇ

## ੨੭ ਦਸੰਬਰ ਵੀਰਵਾਰ ਸਵੇਰ ਤੋਂ ੩੦ ਦਸੰਬਰ ੧੯੮੪ ਐਤਵਾਰ ਸਵੇਰ ਤਕ

ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਅੰਮ੍ਰਿਤ ਦੇ ਦਾਤੇ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸਵ ਸਦਾ ਵਾਂਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਅਖਾੜਿਆਂ ਦੇ ਰੰਗ ਮਾਨਣ ਲਈ ਪ੍ਰਵਾਰਾਂ ਸਮੇਤ ਹੁਮ ਹੁਮਾ ਕੇ ਪੁਜੋ ਜੀ ਅਤੇ ਕਲਗੀਧਰ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਪ੍ਰੋਗਰਾਮ ਇਹ ਹੈ :—

੨੭ ਦਸੰਬਰ ਸਵੇਰੇ ੫-੦੦ ਤੋਂ ੭-੩੦ ਕੀਰਤਨ ਆਸਾ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡਪਾਠ<br>
ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ<br>
੨੮ ਦਸੰਬਰ ਸਵੇਰੇ ੬-੦੦ ਤੋਂ ੧੨-੦੦ ਕੀਰਤਨ ਆਸਾ ਦੀ ਵਾਰ ਤੇ ਅਖੰਡ ਕੀਰਤਨ<br>
ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ<br>
੨੯ ਦਸੰਬਰ ਸਵੇਰੇ ੬-੦੦ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ਆਸਾ ਦੀ ਵਾਰ ਤੇ ਅਖੰਡ ਕੀਰਤਨ ਦੁਪਹਿਰ ਤਕ।<br>
ਦੁਪਹਿਰ ਪਿਛੋਂ ਅੰਮ੍ਰਿਤ ਸਿੰਚਾਰ ਸਮਾਗਮ<br>
ਸ਼ਾਮ ੭-੩੦ ਅਰੰਭ ਰੈਣ ਸਬਾਈ ਕੀਰਤਨ (੩੦ ਦਸੰਬਰ ਸਵੇਰੇ ੭-੩੦ ਸਮਾਪਤੀ)

ਨੋਟ—੧. ਸਵਾਗਤੀ ਦਫਤਰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ। ੨. ਬਿਸਤਰੇ ਜ਼ਰੂਰ ਲਿਆਉਣੇ ਜੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ, ਲੁਧਿਆਣਾ

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਬਿਬੇਕ ੭-੦੦ ਜੇਲ੍ਹ ਚਿਠੀਆਂ | ੧੫-੦੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਸਚਖੰਡ ਦਰਸ਼ਨ ੧-੭੫ ਅੰਮ੍ਰਿਤ ਕੀ ਹੈ ? | ੧-੦੦ |
| ਅਨਹਦ ਸਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ ? | ੩-੭੫ | ਵਾਹਿਗੁਰੂ ਸਿਮਰਨ | ੦-੫੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਨਾਮ ਸੰਬੰਧੀ ਵਿਚਾਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੨-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ ? | ੦-੪੦ |

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, ੨੩-ਜੀ, ਸਰਾਭਾ ਨਗਰ, ਲੁਧਿਆਣਾ**

# 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ(ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੪੫ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ੦-੯੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੦-੭੫

**ਸੂਰਾ ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਜੀ**

www.AKJ.Org